ਕਿਰਪਾ ਕਰਕੇ ਧਿਆਨ ਦਿਉ ਕਿ ਭਾਵੇਂ ਤੁਹਾਡੀ ਸਹੂਲਤ ਲਈ ਕੁਝ ਜਾਣਕਾਰੀ ਦਾ ਵਾਧੂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ, ਪਾਰਕਸ ਕੈਨੇਡਾ ਦਾ ਸਟਾਫ ਕੈਨੇਡਾ ਵਿੱਚ ਦੋ ਦਫਤਰੀ ਭਾਸ਼ਾਵਾਂ ਵਿੱਚ ਸੇਵਾਵਾਂ ਪ੍ਰਦਾਨ ਕਰਦਾ ਹੈ: ਫਰੈਂਚ ਅਤੇ ਅੰਗ੍ਰੇਜ਼ੀ।

# Le programme de camping propre

ਇੱਥੇ ਕੈਂਪਿੰਗ ਕਰਕੇ, ਤੁਸੀਂ ਸਥਾਨ ਨੂੰ ਜਾਨਵਰਾਂ ਨਾਲ ਸਾਂਝਾ ਕਰ ਰਹੇ ਹੋ ਜਿਹੜੇ ਆਪਣੇ ਬਚਾਅ ਲਈ ਇਸ `ਤੇ ਨਿਰਭਰ ਹਨ। ਇਹਨਾਂ ਵਿੱਚ ਰਿੱਛ (ਬੀਅਰਜ਼), ਬਾਘ (ਕੁਗਰਜ਼), ਬਘਿਆੜ (ਵੁਲਵਜ਼), ਉੱਤਰੀ ਅਮਰੀਕਨ ਬਘਿਆੜ (ਕਾਇਓਟਸ) ਅਤੇ ਦੂਸਰੇ ਸ਼ਾਮਲ ਹੋ ਸਕਦੇ ਹਨ।

ਕੈਂਪਸਾਈਟ ਨੂੰ ਕਿਵੇਂ "ਸਾਫ" ਰੱਖਣਾ ਹੈ।

ਤੁਹਾਡੀ ਸੁਰੱਖਿਆ ਅਤੇ ਸਾਡੇ ਨੈਸ਼ਨਲ ਪਾਰਕਾਂ ਨੂੰ ਜੀਵਤ ਅਤੇ ਆਪਣੇ ਆਪ ਉਤਪੰਨ ਹੋਇਆ ਰੱਖਣ ਵਾਸਤੇ le programme de camping propre ਲਾਗੂ ਹੈ।

ਯਕੀਨੀ ਬਣਾਓ ਕਿ ਕੋਈ ਵੀ ਜੰਗਲੀ ਜੀਵਨ ਆਕਰਸ਼ਕਾਂ ਕਦੀ ਵੀ ਅਣਦੇਖੀਆਂ ਨਾ ਰਹਿਣ। ਸੁਰੱਖਿਅਤ ਰਹੋ ਅਤੇ ਸਾਡੇ ਕੌਮੀ ਪਾਰਕਾਂ ਨੂੰ ਸਜੀਵ ਅਤੇ ਆਪਣੇ ਆਪ ਵਿੱਚ ਉਤਪੰਨ ਹੋਇਆ ਰੱਖਣ ਵਿੱਚ ਮਦਦ ਕਰੋ।

ਕਿਰਪਾ ਕਰਕੇ ਕੈਂਪਸਾਈਟ ਨੂੰ ਸਾਫ ਰੱਖੋ।

ਜੇ ਤੁਸੀਂ ਇੱਥੇ ਕੈਂਪਿੰਗ ਕਰ ਰਹੇ ਹੋ, ਤੁਸੀਂ ਨਿਮਨਲਿਖਤ ਨਾਲ ਸਹਿਮਤ ਹੋ:
ਜਦੋਂ ਵਰਤ ਨਾ ਰਹੇ ਹੋ ਸਾਰੇ ਭੋਜਨ ਅਤੇ ਭੋਜਨ-ਸਬੰਧਤ ਚੀਜ਼ਾਂ ਨੂੰ ਇੱਕ ਸਖ਼ਤ ਪਾਸਿਆਂ ਵਾਲੇ ਵਾਹਨ ਜਾਂ ਭੋਜਨ ਦੇ ਭੰਡਾਰ ਲਾਕਰਾਂ ਵਿੱਚ ਸਟੋਰ ਕਰੋ।



ਇਹ ਪਾਲਿਸੀ ਲਾਗੂ ਹੁੰਦੀ ਹੈ ਜਦੋਂ ਵੀ ਇਹ ਚੀਜ਼ਾਂ ਵਰਤੋਂ ਵਿੱਚ ਨਹੀਂ ਹੁੰਦੀਆਂ, ਰਾਤ ਨੂੰ ਜਦੋਂ ਤੁਸੀਂ ਸੌਂ ਰਹੇ ਹੁੰਦੇ ਹੋ, ਜਾਂ ਜਦੋਂ ਤੁਹਾਡਾ ਸਥਾਨ ਕਿਸੇ ਵੀ ਸਮੇਂ ਲਈ ਅਣਸੰਭਾਲਿਆ ਹੈ।

ਕੋਈ ਵੀ ਚੀਜ਼ ਜਿਸ ਦੀ ਕੋਈ ਸੁਗੰਧ ਹੈ ਜਾਂ ਉਹ ਭੋਜਨ ਜਿਹਨਾਂ ਨੂੰ ਤੁਹਾਡੇ ਸਥਾਨ `ਤੇ ਜੰਗਲੀ ਜੀਵਾਂ ਨੂੰ ਆਕਰਸ਼ਤ ਕਰ ਸਕਣ ਵਾਲੇ ਸਮਝੇ ਜਾ ਸਕਦੇ ਹਨ। ਆਪਣੇ ਕੈਂਪਸਾਈਟ `ਤੇ ਇਹੋ ਜਿਹੀਆਂ ਚੀਜ਼ਾਂ ਨੂੰ ਕਦੀ ਵੀ ਅਣਸੰਭਾਲੀ ਨਾ ਰਹਿਣ ਦਿਓ:

ਕੂਲਰਜ਼ - ਭਰੇ/ਜਾਂ ਖਾਲੀ

ਭੋਜਨ - ਖੁੱਲ੍ਹੇ/ਬੰਦ

ਗਾਰਬੇਜ/ਰੈਪਿੰਗਜ਼ (ਵਲ੍ਹੇਟੇ)

ਪਲੇਟਾਂ/ਬਰਤਨ

ਪੈਟਸ ਦਾ ਭੋਜਨ/ਬੋਲਜ਼

ਬੋਤਲਾਂ/ਡੱਬੇ

ਸਾਰੇ ਖੁਸ਼ਬੋ ਵਾਲੇ ਉਤਪਾਦ - ਜਿਵੇਂ ਕਿ ਸ਼ੈਂਪੂ, ਟੁੱਥਪੇਸਟ, ਮੋਮਬੱਤੀਆਂ, ਸਿੱਟਰੋਨੇਲਾ, ਪਲੇਟਾਂ ਧੋਣ ਵਾਲਾ ਸਾਬਣ

ਟੈਂਟ ਟਰੇਲਰਜ਼ ਰਿੱਛ ਤੋਂ ਮੁਕਤ ਨਹੀਂ ਹੁੰਦੇ ਹਨ।

ਜੇ ਤੁਹਾਡਾ ਕੈਂਪਸਾਈਟ ਸਾਫ ਨਹੀਂ ਹੁੰਦਾ ਹੈ ...



ਜਦੋਂ ਲੋਕ ਆਪਣੇ ਭੋਜਨ ਬਾਹਰ ਛੱਡ ਦਿੰਦੇ ਹਨ, ਰਿੱਛ ਅਤੇ ਹੋਰ ਜਾਨਵਰ ਮਨੁੱਖਾਂ ਤੋਂ ਆਪਣੇ ਡਰ ਨੂੰ ਗਵਾ ਦਿੰਦੇ ਹਨ। ਇੱਕ ਵਾਰ ਜਦੋਂ ਜਾਨਵਰਾਂ ਨੂੰ ਮਨੁੱਖੀ ਭੋਜਨ ਦੀ ਆਦਤ ਪੈ ਜਾਂਦੀ ਹੈ, ਇਹ ਪਬਲਿਕ ਸੁਰੱਖਿਆ ਦਾ ਖਤਰਾ ਬਣ ਜਾਂਦਾ ਹੈ ਅਤੇ ਇਸ ਲਈ ਨਸ਼ਟ ਕੀਤਾ ਜਾਣਾ ਚਾਹੀਦਾ ਹੈ। ਇੱਕ ਕੈਂਪਸਾਈਟ ਨੂੰ ਸਾਫ ਰੱਖਕੇ, ਤੁਸੀਂ ਇੱਕ "ਸਮੱਸਿਆ" ਜਾਨਵਰ ਪੈਦਾ ਅਤੇ ਬਰਬਾਦ ਹੋਣ ਤੋਂ ਰੋਕਣ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹੁੰਦੇ ਹੋ।

ਯਕੀਨੀ ਬਣਾਉਣ ਲਈ ਕਿ ਕੈਂਪਰਜ਼ ਕੋਈ ਇਹੋ ਜਿਹੀ ਚੀਜ਼ ਛੱਡਕੇ ਨਹੀਂ ਗਏ ਜੋ ਜੰਗਲੀ ਜੀਵਾਂ ਨੂੰ ਆਕਰਸ਼ਕ ਕਰ ਸਕਦੀ ਹੈ, ਸਟਾਫ ਕੈਂਪਗਰਾਊਂਡ ਵਿੱਚ ਗਸ਼ਤ ਕਰਦਾ ਹੈ। ਜੇ ਤੁਸੀਂ ਆਪਣੇ ਸਥਾਨ `ਤੇ ਵਾਪਸ ਆਉਂਦੇ ਹੋ ਅਤੇ ਪਤਾ ਲੱਗਦਾ ਹੈ ਕਿ ਚੀਜ਼ਾਂ ਗੁੰਮ ਹਨ, ਪਾਰਕ ਸਟਾਫ ਵੱਲੋਂ ਦਿੱਤੀਆਂ ਹਦਾਇਤਾਂ `ਤੇ ਅਮਲ ਕਰੋ।

ਕੈਂਪਰਜ਼ ਜਿਹੜੇ le programme de camping propre ਦੀ ਪਾਲਣਾ ਨਹੀਂ ਕਰਦੇ ਉਹਨਾਂ ਦੇ ਕੈਂਪਿੰਗ ਪਰਮਿਟ ਬਿਨਾਂ ਕਿਸੇ ਰੀਫੰਡ ਦੇ ਮਨਸੂਖ਼ ਹੋ ਸਕਦੇ ਹਨ, ਅਤੇ ਉਹ ਕੈਨੇਡਾ ਨੈਸ਼ਨਲ ਪਾਰਕਸ ਐਕਟ ਅਤੇ ਰੈਗੂਲੇਸ਼ਨਜ਼ ਤਹਿਤ ਚਾਰਜ ਹੋ ਸਕਦੇ ਹਨ।

ਇੱਕ ਇਕੋਸਿਸਟਮ (ਵਾਤਾਵਰਨਕ ਪ੍ਰਬੰਧ) ਨੂੰ ਸਾਂਝਾ ਕਰਨਾ - ਤੁਸੀਂ ਜੰਗਲੀ ਜੀਵਨ ਦੀ ਵੱਸੋਂ ਦੇ ਅੰਦਰ ਕੈਂਪਿੰਗ ਕਰ ਰਹੇ ਹੋ

ਆਪਣੇ ਆਲੇ-ਦੁਆਲੇ ਤੋਂ ਸੁਚੇਤ ਰਹੋ, ਵਿਸ਼ੇਸ਼ ਤੌਰ ਤੇ ਸ਼ਾਮ ਅਤੇ ਸਵੇਰ ਵੇਲੇ, ਜਾਂ ਸੰਘਣੀ ਬਨਸਪਤੀ ਵਾਲੇ ਖੇਤਰਾਂ ਵਿੱਚ। ਕੋਈ ਜਾਨਵਰ ਜਿਹੜਾ ਆਪਣੇ ਬੱਚਿਆਂ ਨੂੰ ਖੁਆਉਣ ਵਿੱਚ ਰੁੱਝਾ ਹੋਇਆ ਹੈ ਨੂੰ ਹੈਰਾਨ ਕਰਨਾ ਬਹੁਤ ਹੀ ਖ਼ਤਰਨਾਕ ਹੋ ਸਕਦਾ ਹੈ! ਆਪਣੇ ਬਚਾਅ ਲਈ ਜਾਨਵਰ ਇਸ ਇਕੋਸਿਸਟਮ ਦੇ ਹਰ ਹਿੱਸੇ `ਤੇ ਨਿਰਭਰ ਕਰਦੇ ਹਨ। ਉਹਨਾਂ ਨੂੰ ਇਕਾਗਰ-ਚਿੱਤ ਆਪਣੇ ਕੁਦਰਤੀ ਭੋਜਨ ਲਈ ਚਾਰੇ ਦੀ ਭਾਲ ਕਰਨ ਦੀ ਜ਼ਰੂਰਤ ਹੁੰਦੀ ਹੈ ਤਾਂ ਜੋ ਉਹ ਸਰਦੀ ਵਿੱਚ ਬਚੇ ਰਹਿਣ ਲਈ ਕਾਫੀ ਚਰਬੀ ਗ੍ਰਹਿਣ ਕਰ ਸਕਣ। ਕੈਂਪਸਾਈਟ ਨੂੰ "ਸਾਫ" ਰੱਖਕੇ ਅਤੇ ਜਾਨਵਰਾਂ ਨੂੰ ਕੁਝ ਖਾਣ ਨੂੰ ਨਾ ਦੇਕੇ ਤੁਸੀਂ ਇਸ ਕਠਨ ਲੈਂਡਸਕੇਪ (ਭੂਦ੍ਰਿਸ਼) ਵਿੱਚ ਬਚੇ ਰਹਿਣ ਵਿੱਚ ਉਹਨਾਂ ਦੀ ਮਦਦ ਕਰ ਰਹੇ ਹੁੰਦੇ ਹੋ।

ਪੈਟਸ ਦੇ ਮਾਲਕਾਂ ਦੇ ਧਿਆਨ ਲਈ!
ਕਿਰਪਾ ਕਰਕੇ ਪਾਲਤੂ ਜਾਨਵਰਾਂ ਨੂੰ ਹਰ ਵਕਤ ਪਟਾ ਪਾਕੇ ਰੱਖੋ। ਪੈਟਸ ਨੂੰ ਬਾਹਰ ਖੁੱਲ੍ਹੇ ਨਾ ਛੱਡੋ – ਵਿਸ਼ੇਸ਼ ਤੌਰ ਤੇ ਰਾਤ ਨੂੰ। ਉਹ ਮਾਸਖੋਰੇ ਜਾਨਵਰਾਂ ਨੂੰ ਆਕਰਸ਼ਤ ਕਰ ਸਕਦੇ ਹਨ ਅਤੇ ਉਹਨਾਂ `ਤੇ ਹਮਲਾ ਹੋ ਸਕਦਾ ਹੈ।

ਜੰਗਲੀ ਜੀਵਨ ਨੂੰ ਦੇਖਣਾ - ਸੁਰੱਖਿਆ ਬਾਰੇ ਇੱਕ ਸ਼ਬਦ!
ਤੁਹਾਡਾ ਕਿਸੇ ਵੀ ਵਕਤ ਜੰਗਲੀ ਜੀਵ ਨਾਲ ਮੁਕਾਬਲਾ ਹੋ ਸਕਦਾ ਹੈ। ਸਾਵਧਾਨ ਰਹੋ, ਅਤੇ ਭੋਜਨ ਨੂੰ ਜਾਨਵਰਾਂ ਦੀ ਪਹੁੰਚ ਵਿੱਚ ਨਾ ਰਹਿਣ ਦਿਉ। ਜਦੋਂ ਜੰਗਲੀ ਜੀਵ ਦੇਖ ਰਹੇ ਹੁੰਦੇ ਹੋ ਹਮੇਸ਼ਾਂ ਯਾਦ ਰੱਖੋ:

- ਸਭ ਜੰਗਲੀ ਜਾਨਵਰ ਸੰਭਾਵੀ ਤੌਰ ਤੇ ਖ਼ਤਰਨਾਕ ਹੁੰਦੇ ਹਨ। ਇੱਥੋਂ ਤੱਕ ਕਿ ਇੱਕ ਸ਼ਰੀਫ ਦਿਸਦਾ ਬਾਰਾਂਸਿੰਗਾ ਵੀ ਕਿਸੇ ਆਦਮੀ ਨੂੰ ਗੰਭੀਰ ਤੌਰ ਤੇ ਸੱਟ ਮਾਰ ਸਕਦਾ ਹੈ।
- ਕਿਸੇ ਕਿਸਮ ਜਾਂ ਆਕਾਰ ਤੋਂ ਬੇਪਰਵਾਹ ਹੋਕੇ, ਕਦੀ ਵੀ ਜੰਗਲੀਜੀਵ ਦੇ ਨੇੜੇ ਨਾ ਜਾਉ ਜਾਂ ਖਾਣ ਨੂੰ ਭੋਜਨ ਨਾ ਦਿਉ।
- ਹਰ ਵਕਤ ਵੇਖਣ ਦਾ ਇੱਕ ਸੁਰੱਖਿਅਤ ਫਾਸਲਾ ਰੱਖੋ (30 ਤੋਂ 100 ਮੀਟਰ)।



ਕਿਰਪਾ ਕਰਕੇ ਮਾਸਖੋਰੇ ਜਾਨਵਰਾਂ (ਰਿੱਛ, ਭੇੜੀਆ, ਆਦਿ) ਨੂੰ ਵੇਖਦਿਆਂ ਹੀ ਪਾਰਕ ਸਟਾਫ ਨੂੰ ਤੁਰੰਤ ਸੂਚਿਤ ਕਰੋ।

ਤੁਹਾਡਾ ਧੰਨਵਾਦ! ਇੱਕ 'ਸਾਫ ਕੈਂਪਸਾਈਟ' ਰੱਖਣ ਵਿੱਚ ਤੁਹਾਡੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ ਜਾਂਦੀ ਹੈ!

ਕਿਰਪਾ ਕਰਕੇ ਧਿਆਨ ਦਿਉ ਕਿ ਭਾਵੇਂ ਤੁਹਾਡੀ ਸਹੂਲਤ ਲਈ ਕੁਝ ਜਾਣਕਾਰੀ ਦਾ ਵਾਧੂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ, ਪਾਰਕਸ ਕੈਨੇਡਾ ਦਾ ਸਟਾਫ ਕੈਨੇਡਾ ਵਿੱਚ ਦੋ ਦਫਤਰੀ ਭਾਸ਼ਾਵਾਂ ਵਿੱਚ ਸੇਵਾਵਾਂ ਪ੍ਰਦਾਨ ਕਰਦਾ ਹੈ: ਫਰੈਂਚ ਅਤੇ ਅੰਗ੍ਰੇਜ਼ੀ।

ਮੁੱਢਲੀ ਜਾਣਕਾਰੀ – ਕੀ ਜਾਣਨਾ ਹੈ

ਸੁਰੱਖਿਅਤ ਰਹਿਣਾ

ਹਾਲਾਂਕਿ ਵਿਜ਼ਿਟਰਸ ਨੂੰ ਸੁਰੱਖਿਅਤ ਰੱਖਣ ਲਈ ਬਹੁਤ ਪ੍ਰਬੰਧ ਕੀਤੇ ਗਏ ਹਨ, ਪਰ ਇਹ ਤੁਸੀਂ ਹੀ ਹੋ ਜੋ ਰਾਸ਼ਟਰੀ ਪਾਰਕ ਵਿੱਚ ਆਪਣੇ ਟਰਿਪ ਦੇ ਦੌਰਾਨ ਆਪਣੀ ਸੁਰੱਖਿਆ ਲਈ ਜ਼ੁੰਮੇਵਾਰ ਹੋ। ਰਾਸ਼ਟਰੀ ਪਾਰਕ ਵਿੱਚ ਕੈਂਪਿੰਗ ਦੇ ਦੌਰਾਨ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਸੁਰੱਖਿਅਤ ਰੱਖਣ ਲਈ ਇੱਥੇ ਕੁਝ ਰੀਮਾਇੰਡਰ ਦਿੱਤੇ ਗਏ ਹਨ।

ਮੌਸਮ

ਮੌਸਮ ਦੀ ਤਾਕਤ ਦਾ ਗਲਤ ਅੰਦਾਜ਼ਾ ਨਾ ਲਗਾਉ। ਦਿਨ ਦੇ, ਪੈਦਲ ਸੈਰ ਜਾਂ ਇੱਕ ਰਾਤ ਭਰ ਦੇ ਕੈਂਪਿੰਗ ਟਰਿਪ ਤੇ ਜਾਣ ਤੋਂ ਪਹਿਲਾਂ, ਸਥਾਨਕ ਮੌਸਮ ਦਾ ਪੂਰਵ-ਅਨੁਮਾਨ ਲਗਾਉ। ਇਹ ਯੋਜਨਾ ਬਣਾਉਣ ਵਿੱਚ ਤੁਹਾਡੀ ਮਦਦ ਕਰੇਗਾ – ਪਰ ਮੌਸਮ ਦੀਆਂ ਚੁਣੌਤੀਆਂ ਲਈ ਤਿਆਰ ਰਹੋ, ਖਾਸ ਕਰਕੇ ਪਹਾੜਾਂ ਵਿੱਚ ਜਾਂ ਪਾਣੀ ਵਾਲੀਆਂ ਜਗ੍ਹਾਂਵਾਂ ਤੇ ਜਿੱਥੇ ਸਥਿਤੀਆਂ ਤੇਜੀ ਨਾਲ ਬਦਲ ਸਕਦੀਆਂ ਹਨ।

ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਹਮੇਸ਼ਾਂ ਸੂਰਜ ਤੋਂ ਬਚਾਕੇ ਰੱਖੋ। ਟੋਪੀ ਅਤੇ ਚਸ਼ਮੇ ਪਾਉ, ਅਤੇ ਇੱਕ ਸਨਸਕ੍ਰੀਨ ਚੁਣੋ ਜੋ ਤੁਹਾਡੀ ਤਵੱਚਾ ਦੇ ਨੰਗੇ ਹਿੱਸਿਆਂ ਨੂੰ ਢੱਕ ਸਕੇ (ਆਪਣੇ ਕੰਨਾਂ ਨੂੰ ਨਾ ਭੁੱਲੋ!)। ਲੰਮੀ ਆਸਤੀਨ ਵਾਲੀਆਂ ਪੈਂਟਾਂ ਅਤੇ ਕਮੀਜ਼ਾਂ ਪਾਉਣ ਨਾਲ ਵੀ ਤੁਹਾਨੂੰ ਸੂਰਜ ਦੀਆਂ ਕਿਰਨਾਂ ਤੋਂ ਸੁਰੱਖਿਆ ਮਿਲੇਗੀ। ਜੇ ਤੁਸੀਂ ਉਚਾਈ ਤੇ ਕੈਂਪਿੰਗ ਕਰ ਰਹੇ ਹੋ, ਪਾਣੀ ਵਾਲੀ ਜਗ੍ਹਾ ਲੱਭ ਰਹੇ ਹੋ ਜਾਂ ਉਸ ਦੇ ਨੇੜੇ ਹੋ ਜਾਂ ਇੱਕ ਬਰਫੀਲੇ ਲੈਂਡਸਕੇਪ ਤੇ ਜਾ ਰਹੇ ਹੋ, ਤਾਂ ਯਾਦ ਰੱਖੋ ਕਿ ਇਨ੍ਹਾਂ ਵਾਤਾਵਰਨਾਂ ਵਿੱਚ ਸੂਰਜ ਦੀ ਤੀਵਰਤਾ ਵੱਧ ਜਾਂਦੀ ਹੈ ਅਤੇ ਸਾਵਧਾਨ ਰਹੋ।

ਤੁਸੀਂ ਰੋਸ਼ਨੀ ਤੋਂ ਵੀ ਆਪਣੇ ਆਪ ਨੂੰ ਬਚਾਉਣਾ ਚਾਹੋਗੇ। ਜਦੋਂ ਤੁਫਾਨ ਆਉਂਦੇ ਹਨ, ਤਾਂ ਤੁਫਾਨ ਦੇ ਆਉਣ ਤੋਂ ਪਹਿਲਾਂ ਮੌਸਮ ਦੀ ਨਿਗਰਾਨੀ ਕਰਨ ਅਤੇ ਸਾਵਧਾਨੀ ਵਰਤਣ ਨੂੰ ਯਕੀਨੀ ਬਣਾਉ। ਰੋਸ਼ਨੀ ਤੋਂ ਸੁਰੱਖਿਆ ਤੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ d'Environnement Canada ਦੀ ਵੈਬਸਾਇਟ http://www.ec.gc.ca/foudre-lightning/default.asp?lang=Fr&n=159F8282-1 ਤੇ ਜਾਉ।

ਡਰਾਇਵਿੰਗ

ਇੱਕ ਰਾਸ਼ਟਰੀ ਪਾਰਕ ਵਿੱਚ ਡਰਾਇਵਿੰਗ ਕਰਨਾ ਸੱਭ ਤੋਂ ਖਤਰਨਾਕ ਕੰਮਾਂ ਵਿਚੋਂ ਇੱਕ ਹੈ ਅਤੇ ਜਾਣੇ-ਪਛਾਣੇ ਸ਼ਹਿਰੀ ਖੇਤਰਾਂ ਵਿੱਚ ਡਰਾਇਵਿੰਗ ਕਰਨ ਨਾਲੋਂ ਬਹੁਤ ਅਲੱਗ ਹੋ ਸਕਦਾ ਹੈ। ਜਦੋਂ ਤੁਸੀਂ ਡਰਾਇਵਿੰਗ ਕਰ ਰਹੇ ਹੋਵੋ, ਤਾਂ ਹੇਠਲੀਆਂ ਚੀਜ਼ਾਂ ਦਾ ਧਿਆਨ ਰੱਖੋ:

ਹਮੇਸ਼ਾਂ ਦੱਸੀ ਗਈ ਸੀਮਾ ਗਤੀ ਦੀ ਪਾਲਣਾ ਕਰੋ

ਪਾਰਕ ਵਿਚਲੇ ਹੋਰ ਡਾਰਈਵਰਾਂ ਦੀ ਚੌਕਸੀ ਕਰੋ। ਸੁੰਦਰ ਨਜ਼ਾਰਿਆਂ  ਕਾਰਨ ਉਨ੍ਹਾਂ ਦਾ ਧਿਆਨ ਭਟਕ ਸਕਦਾ ਹੈ ਜਾਂ ਗੁੰਮ ਸਕਦੇ ਹਨ।

ਸਾਇਕਲ ਸਵਾਰਾਂ ਦੀ ਚੌਕਸੀ ਕਰੋ। ਉਨਾਂ ਨੂੰ ਵੇਖਣਾ ਮੁਸ਼ਕਿਲ ਹੋ ਸਕਦਾ ਹੈ।

ਜੰਗਲੀ ਜਾਨਵਰਾਂ ਦੀ ਚੌਕਸੀ ਕਰੋ।

ਜੰਗਲੀ ਜਾਨਵਰ

ਜੰਗਲੀ ਜਾਨਵਰ ਕੋਲ ਨਾ ਜਾਉ ਅਤੇ ਨਾ ਹੀ ਉਨ੍ਹਾਂ ਨੂੰ ਖਾਣਾ ਖਿਲਾਉ ਅਤੇ ਜਿਸ ਰਾਸ਼ਟਰੀ ਪਾਰਕ ਵਿੱਚ ਤੁਸੀਂ ਜਾ ਰਹੇ ਹੋ ਉਸ ਦੇ ਸਾਰੇ ਨਿਯਮਾਂ ਦੀ ਪਾਲਣਾ ਕਰੋ। ਜੰਗਲੀ ਜਾਨਵਰ ਕਿਸ ਸਥਿਤੀ ਵਿੱਚ ਕਿਵੇਂ ਪ੍ਰਤੀਕਿਰਿਆ ਕਰਨ, ਇਸ ਬਾਰੇ ਪਹਿਲਾਂ ਦੱਸਣਾ ਓਸੰਭਵ ਹੈ, ਇਸ ਲਈ ਜੰਗਲੀ ਜਾਨਵਰਾਂ ਨੂੰ ਜੰਗਲੀ ਹੋਣ ਤੋਂ ਅਤੇ ਤੁਹਾਨੂਮ ਅਤੇ ਤੁਹਾਡੇ ਪਰਿਵਾਰ ਨੂੰ ਸੁਰੱਖਿਅਤ ਰੱਖਣ ਲਈ, ਨਜ਼ਦੀਕ ਜਾਣ ਤੋਂ ਬਚਣਾ ਸੱਭ ਤੋਂ ਵਧੀਆ ਤਰੀਕਾ ਹੈ।

ਹੋਰ ਜਾਣਕਾਰੀ ਲਈ, ਜਿਸ ਪਾਰਕ ਵਿੱਚ ਤੁਸੀਂ ਜਾ ਰਹੇ ਹੋ ਉਸ ਦੇ ਵਿਜ਼ਿਟਰ ਕੇਂਦਰ ਤੇ ਮੁਲਾਕਾਤ ਕਰੋ, ਇੱਕ ਕਿਤਾਬਚਾ ਲਉ ਅਤੇ ਸਾਡੇ ਦੋਸਤਾਨਾ ਸਟਾਫ ਨਾਲ ਗੱਲ ਕਰੋ।

ਕੀੜੇ ਅਤੇ ਪੌਦੇ

ਬਾਹਰ ਮੈਦਾਨਾਂ ਵਿੱਚ ਡੰਗ ਮਾਰਨ ਜਾਂ ਕੱਟਣ ਵਾਲੇ ਕੀੜੇ ਮਿਲਣਾ ਅਸਧਾਰਨ ਨਹੀਂ ਹੈ, ਕਾਸ ਕਰਕੇ ਰਿਸਤਿਆਂ ਦੇ ਨਾਲ ਅਤੇ ਕੈਂਪਸਾਇਟਾਂ ਵਿੱਚ। ਕੀੜੇ ਮਾਰ ਦਵਾਈਆਂ ਨਾਲ ਲਿਆਉ ਅਤੇ ਖੁਸ਼ਬੂ ਵਾਲੇ ਪਰਫਿਊਮ ਅਤੇ ਕਰੀਮਾਂ ਲਿਆਉਣ ਤੋਂ ਬਚੋ ਜੋ ਕੀੜਿਆਂ ਨੂੰ ਆਕਰਸ਼ਿਤ ਕਰਦੀਆਂ ਹਨ।



ਜ਼ਹਿਰੀਲੀ ਵੇਲ
© Parcs Canada

ਕੁਝ ਪੌਦੇ, ਜਿਵੇਂ ਕਿ ਜ਼ਹਿਰੀਲੀ ਵੇਲ, ਨੂੰ ਜਦੋਂ ਛੂਹਿਆ ਜਾਏ ਤਾਂ ਉਹ ਛਪਾਕੀ ਅਤੇ ਅਲਰਜ਼ਿਕ ਪ੍ਰਤੀਕਿਰਿਆਵਾਂ ਕਰ ਸਕਦੇ ਹਨ। ਅਕਸਰ ਇਨ੍ਹਾਂ ਪੌਦਿਆਂ ਨੂੰ ਕੈਂਪਗਰਾਉਂਡਾਂ ਦੇ ਦੁਆਲੇ ਦੀਆਂ ਜਨਤਕ ਥਾਵਾਂ ਤੋਂ ਹਟਾ ਦਿੱਤਾ ਜਾਂਦਾ ਹੈ ਪਰ ਤੁਹਾਨੂੰ ਸੜਕਾਂ ਅਤੇ ਰਾਸਤਿਆਂ ਦੇ ਨਾਲ ਇਨ੍ਹਾਂ ਪ੍ਰਤੀ ਸਾਵਧਾਨ ਰਹਿਣਾ ਚਾਹੀਦਾ ਹੈ।

ਇਹ ਸਮਝਣ ਲਈ ਕਿ ਕਿਸ ਤੋਂ ਬਚਣਾ ਹੈ ਅਤੇ ਕਿਸ ਤੋਂ ਸਾਵਧਾਨ ਰਹਿਣਾ ਹੈ, ਪਾਰਕ ਦੇ ਵੈਬ ਪੰਨੇ ਤੇ ਜਾਉ ਜਾਂ ਆਪਣੇ ਪਹੁੰਚਣ ਤੇ ਵਿਜ਼ਿਟਰ ਕੇਂਦਰ ਵਿਖੇ ਪਾਰਕ ਦੇ ਸਟਾਫ ਨਾਲ ਗੱਲ ਕਰੋ।

ਪੀਣ ਵਾਲਾ ਪਾਣੀ

ਬਹੁਤ ਸਾਰਾ ਪਾਣੀ ਪੀਣਾ ਬਹੁਤ ਮਹੱਤਵਪੂਰਨ ਹੈ ਜਦੋਂ ਤੁਸੀਂ ਬਾਹਰ ਸਰਗਰਮ ਹੋ, ਖਾਸ ਤੌਰ ਤੇ ਗਰਮ, ਧੁੱਪੀਲੇ ਦਿਨ। ਸੁਨਿਸ਼ਚਿਤ ਕਰੋ ਕਿ ਤੁਸੀਂ ਸਿਰਫ ਭਰੋਸੇਯੋਗ ਸ੍ਰੋਤਾਂ ਤੋਂ ਪੀਣਯੋਗ ਪਾਣੀ ਹੀ ਪੀਓ, ਜਿਵੇਂ ਕਿ ਕੈਂਪਗਰਾਉਂਡਾਂ ਵਿਖੇ ਪੀਣਯੋਗ ਪਾਣੀ ਦੀਆਂ ਟੂਟੀਆਂ ਤੋਂ। ਹਾਲਾਂਕਿ ਝਰਨਿਆਂ, ਦਰਿਆਵਾਂ ਅਤੇ ਝੀਲਾਂ ਦਾ ਪਾਣੀ ਆਮ ਤੌਰ ਤੇ ਸਾਫ ਹੁੰਦਾ ਹੈ ਅਤੇ ਪੀਣ ਲਈ ਬਿਲਕੁਲ ਠੀਕ ਲੱਗ ਸਕਦਾ ਹੈ, ਪਰ ਇਸ ਵਿੱਚ ਹਾਨੀਕਾਰਕ ਬੈਕਟੀਰੀਆ ਜਾਂ ਪਰਜੀਵੀ ਹੋ ਸਕਦੇ ਹਨ। ਜੇ ਤੁਸੀਂ ਅਨਿਸ਼ਚਿਤ ਹੋ ਤਾਂ ਸਿਰਫ ਪੁੱਛੋ!

ਕਿਰਪਾ ਕਰਕੇ ਧਿਆਨ ਦਿਉ ਕਿ ਭਾਵੇਂ ਤੁਹਾਡੀ ਸਹੂਲਤ ਲਈ ਕੁਝ ਜਾਣਕਾਰੀ ਦਾ ਵਾਧੂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ, ਪਾਰਕਸ ਕੈਨੇਡਾ ਦਾ ਸਟਾਫ ਕੈਨੇਡਾ ਵਿੱਚ ਦੋ ਦਫਤਰੀ ਭਾਸ਼ਾਵਾਂ ਵਿੱਚ ਸੇਵਾਵਾਂ ਪ੍ਰਦਾਨ ਕਰਦਾ ਹੈ: ਫਰੈਂਚ ਅਤੇ ਅੰਗ੍ਰੇਜ਼ੀ।

ਕੋਈ ਨਿਸ਼ਾਨੀ ਨਾ ਛੱਡੋ

ਤਿਆਰ ਰਹੋ! ਆਪਣੇ ਆਪ ਨੂੰ ਠੰਡ, ਗਰਮੀ ਜਾਂ ਵਰਖਾ ਤੋਂ ਬਚਾ ਕਰਨ ਲਈ ਕਪੜੇ ਨਾ ਭੁੱਲੋ। ਤੁਸੀਂ ਕਿੱਥੇ ਜਾ ਰਹੇ ਹੋਵੋਂਗੇ ਤੁਹਾਨੂੰ ਦੱਸਣ ਲਈ ਨਕਸ਼ਿਆਂ ਦੀ ਵਰਤੋਂ ਕਰੋ ਤਾਂ ਜੋ ਤੁਸੀਂ ਗੁਆਚ ਨਾ ਜਾਵੋਂ। ਤੁਹਾਡੇ ਵੱਲੋਂ ਫੇਰਾ ਪਾਉਣ ਵਾਲੇ ਖੇਤਰਾਂ ਬਾਰੇ ਜਾਣੋ। ਜਾਣ ਤੋਂ ਪਹਿਲਾਂ ਕਿਤਾਬਾਂ ਪੜ੍ਹੋ ਅਤੇ ਲੋਕਾਂ ਨਾਲ ਗੱਲ ਕਰੋ। ਜਿੰਨਾ ਵਧੇਰੇ ਤੁਸੀਂ ਜਾਣਦੇ ਹੋ, ਓਨੀ ਹੀ ਵਧੇਰੇ ਫੱਨ (ਦਿਲਲਗੀ) ਤੁਸੀਂ ਕਰੋਂਗੇ।

ਸਹੀ ਰਸਤੇ ਦੀ ਚੋਣ ਕਰੋ।

ਪ੍ਰਕਿਰਤੀ ਦੀ ਰੱਖਿਆ ਵਾਸਤੇ ਮੁੱਖ ਰਸਤੇ `ਤੇ ਰਹੋ ਅਤੇ ਆਪਣੇ ਆਪ ਏਧਰ ਉਧਰ ਤੁਰੇ ਨਾ ਫਿਰੋ। ਫੁੱਲਾਂ ਜਾਂ ਛੋਟੇ ਰੁੱਖਾਂ ਤੋਂ ਬਚ ਕੇ ਰਹੋ। ਇੱਕ ਵਾਰੀ ਜੇ ਉਹਨਾਂ ਨੂੰ ਸੱਟ ਲੱਗ ਗਈ, ਉਹ ਸ਼ਾਇਦ ਵਾਪਸ ਉਤਪੰਨ ਨਾ ਹੋ ਸਕਣ! ਮੌਜੂਦਾ ਕੈਂਪ ਖੇਤਰਾਂ ਦੀ ਵਰਤੋਂ ਕਰੋ - ਸੜਕਾਂ, ਰਸਤਿਆਂ ਅਤੇ ਪਾਣੀ ਤੋਂ ਘੱਟ ਤੋਂ ਘੱਟ 100 ਵੱਡੇ ਕਦਮਾਂ `ਤੇ ਕੈਂਪ ਲਾਉ।

ਆਪਣੇ ਰਹਿੰਦ-ਖੂੰਹਦ ਨੂੰ ਕੂੜੇ ਦੇ ਡੱਬਿਆਂ ਵਿੱਚ ਪਾਉ।

ਇਹਨਾਂ ਨੂੰ ਲਪੇਟ ਦਿਉ, ਬੰਨ੍ਹਕੇ ਡੱਬੇ ਵਿੱਚ ਸੁੱਟੋ। ਕੂੜਾ, ਭੋਜਨ ਦੇ ਟੁਕੜਿਆਂ ਨੂੰ ਵੀ, ਕੂੜੇਦਾਨਾਂ ਵਿੱਚ ਪਾਉ ਜਾਂ ਘਰ ਵਾਪਸ ਲੈ ਜਾਉ। ਬਾਥਰੂਮਾਂ ਜਾਂ ਆਊਟਹਾਊਸਾਂ ਦੀ ਵਰਤੋਂ ਕਰੋ ਜਦੋਂ ਉਪਲਬਧ ਹੋਣ। ਜੇ ਮਜਬੂਰੀ ਵੱਸ ਬਾਹਰ ਜਾਣਾ ਹੀ ਪਵੇ, ਇੱਕ ਬਿੱਲੀ ਵਾਂਗ ਕਾਰਜ ਕਰੋ ਅਤੇ ਪੂਪ (ਗੰਦ-ਮੰਦ) ਨੂੰ 4-8 ਇੰਚ ਡੂੰਘੇ ਅਤੇ ਪਾਣੀ ਤੋਂ 100 ਵੱਡੇ ਕਦਮਾਂ ਦੇ ਫਾਸਲੇ `ਤੇ ਇੱਕ ਛੋਟੇ ਟੋਏ ਵਿੱਚ ਦੱਬ ਦਿਉ। ਆਪਣੇ ਟੌਇਲਟ ਪੇਪਰ ਨੂੰ ਇੱਕ ਪਲਾਸਟਿਕ ਬੈਗ ਵਿੱਚ ਪਾ ਦਿਉ ਅਤੇ ਬੈਗ ਨੂੰ ਘਰ ਵਾਪਸ ਆਕੇ ਇੱਕ ਗਾਰਬੇਜ ਦੇ ਡੱਬੇ ਵਿੱਚ ਸੁੱਟ ਦਿਉ। ਪਾਣੀ ਨੂੰ ਸਾਫ ਰੱਖੋ। ਸਾਬਣ, ਭੋਜਨ ਜਾਂ ਪੂਪ ਨੂੰ ਝੀਲਾਂ ਜਾਂ ਨਦੀਆਂ ਵਿੱਚ ਨਾ ਸੁੱਟੋ।

ਜੋ ਦੇਖਦੇ ਹੋ ਉੱਥੇ ਹੀ ਪਿਆ ਰਹਿਣ ਦਿਉ।

ਪੌਦਿਆਂ, ਪੱਥਰਾਂ, ਅਤੇ ਇਤਿਹਾਸਿਕ ਚੀਜ਼ਾਂ ਨੂੰ ਜਿਵੇਂ ਵੇਖਦੇ ਹੋ ਓਵੇਂ ਹੀ ਰਹਿਣ ਦਿਉ ਤਾਂ ਜੋ ਬਾਅਦ ਵਿੱਚ ਆਉਣ ਵਾਲੇ ਲੋਕ ਉਹਨਾਂ ਦਾ ਆਨੰਦ ਮਾਣ ਸਕਣ। ਸਜੀਵ ਪੌਦਿਆਂ ਨਾਲ ਆਦਰ ਨਾਲ ਵਿਹਾਰ ਕਰੋ। ਪੌਦਿਆਂ ਨੂੰ ਕੱਟਣਾ ਜਾਂ ਛਿੱਲਣਾ ਉਹਨਾਂ ਨੂੰ ਮਾਰ ਸਕਦਾ ਹੈ। ਚੰਗੇ ਕੈਂਪਸਾਈਟਸ ਲੱਭੇ ਜਾਂਦੇ ਹਨ, ਬਣਾਏ ਨਹੀਂ ਜਾਂਦੇ। ਆਪਣੇ ਕੈਂਪਸਾਈਟ `ਤੇ ਖਾਈਆਂ ਨਾ ਪੁੱਟੋ ਜਾਂ ਢਾਂਚਿਆਂ ਦੀ ਉਸਾਰੀ ਨਾ ਕਰੋ।

ਅੱਗ ਨਾਲ ਸਾਵਧਾਨ ਰਹੋ।

ਖਾਣਾ ਪਕਾਉਣ ਲਈ ਕਿਸੇ ਕੈਂਪ ਸਟੋਵ ਦੀ ਵਰਤੋਂ ਕਰੋ। ਕਿਸੇ ਅੱਗ ਨਾਲੋਂ ਉਸ `ਤੇ ਪਕਾਉਣਾ ਅਤੇ ਸਾਫ ਕਰਨਾ ਆਸਾਨ ਹੁੰਦਾ ਹੈ। ਯਕੀਨੀ ਬਣਾਓ ਕਿ ਕਿਸੇ campfires (ਕੈਂਪਫਾਇਰਜ਼) ਦੀ ਉਸ ਖੇਤਰ ਵਿੱਚ ਜਿਸ ਵਿੱਚ ਤੁਸੀਂ ਫੇਰੀ `ਤੇ ਹੋ ਵਰਤੋਂ ਕਰਨੀ ਓ ਕੇ (ਸਭ ਠੀਕ) ਹੈ। ਜ਼ਮੀਨ ਨੂੰ ਤਪਸ਼ ਤੋਂ ਬਚਾਉਣ ਲਈ ਇੱਕ ਮੌਜੂਦਾ ਫਾਇਰ ਰਿੰਗ ਦੀ ਵਰਤੋਂ। ਅੱਗ ਨੂੰ ਥੋੜਾ ਰੱਖੋ। ਯਾਦ ਰੱਖੋ, campfires ਤੁੱਛ ਚੀਜ਼ਾਂ ਜਾਂ ਭੋਜਨ ਨਹੀਂ ਹਨ। ਹਰੀਆਂ, ਸੁੱਕੀਆਂ ਜਾਂ ਡਿੱਗੇ ਰੁੱਖਾਂ ਦੀ ਟਾਹਣੀਆਂ ਨਾ ਕੱਟੋ। ਇਸ ਦੀ ਬਜਾਏ, ਜ਼ਮੀਨ `ਤ ਟੁੱਟੀਆਂ ਪਈਆਂ ਛਟੀਆਂ ਨੂੰ ਇਕੱਠਾ ਕਰੋ। ਸਾਰੀਆਂ ਲੱਕੜਾਂ ਨੂੰ ਸਵਾਹ ਬਣਨ ਤੱਕ ਜਲਾ ਦਿਓ ਅਤੇ ਯਕੀਨੀ ਬਣਾਉ ਕਿ ਤੁਹਾਡੇ ਜਾਣ ਤੋਂ ਪਹਿਲਾਂ ਅੱਗ ਪੂਰਨ ਤੌਰ ਤੇ ਬੁੱਝ ਅਤੇ ਠੰਡੀ ਹੋ ਗਈ ਹੈ।

ਜੰਗਲੀ ਜੀਵਾਂ ਦਾ ਸਤਿਕਾਰ ਕਰੋ।

ਜਾਨਵਰਾਂ ਨੂੰ ਇੱਕ ਫਾਸਲੇ ਤੋਂ ਦੇਖੋ ਅਤੇ ਕਦੀ ਵੀ ਉਹਨਾਂ ਦੇ ਕੋਲ ਨਾ ਜਾਉ, ਭੋਜਨ ਨਾ ਖੁਆਉ ਜਾਂ ਉਹਨਾਂ ਦਾ ਪਿੱਛਾ ਨਾ ਕਰੋ। ਮਨੁੱਖੀ ਭੋਜਨ ਸਭ ਜਾਨਵਰਾਂ ਲਈ ਨੁਕਸਾਨਦੇਹ ਹੁੰਦਾ ਹੈ ਅਤੇ ਉਹਨਾਂ ਨੂੰ ਖੁਆਉਣਾ ਉਹਨਾਂ ਨੂੰ ਬੁਰੀਆਂ ਆਦਤਾਂ ਪਾ ਦਿੰਦਾ ਹੈ। ਜੰਗਲੀ ਜੀਵਾਂ ਦੀ ਰੱਖਿਆ ਕਰੋ ਅਤੇ ਆਪਣੇ ਖਾਣਿਆਂ ਅਤੇ ਰਹਿੰਦ-ਖੂੰਹਦ ਨੂੰ ਸਟੋਰ ਕਰਕੇ ਰੱਖੋ। ਪੈਟਸ (ਪਾਲਤੂ ਜਾਨਵਰਾਂ) ਨੂੰ ਹਰ ਵੇਲੇ ਕੰਟਰੋਲ `ਚ ਰੱਖੋ, ਜਾਂ ਉਹਨਾਂ ਨੂੰ ਘਰ ਛੱਡ ਜਾਉ।

ਦੂਸਰੇ ਸੈਲਾਨੀਆਂ ਨਾਲ ਮਿਹਰਬਾਨ ਰਹੋ।

ਯਕੀਨੀ ਬਣਾਓ ਕਿ ਜਿਹੜੀ ਫੰਨ ਤੁਸੀਂ ਬਾਹਰ ਕਰ ਰਹੇ ਹੋ ਉਹ ਕਿਸੇ ਦੂਸਰੇ ਨੂੰ ਪਰੇਸ਼ਾਨ ਨਾ ਕਰੇ। ਯਾਦ ਰੱਖੋ ਕਿ ਦੂਸਰੇ ਸੈਲਾਨੀ ਵੀ ਬਾਹਰ ਉੱਥੇ ਆਨੰਦ ਮਾਣ ਰਹੇ ਹਨ। ਕੁਦਰਤ ਨੂੰ ਸੁਣੋ। ਉੱਚੀਆਂ ਆਵਾਜ਼ਾਂ ਜਾਂ ਚੀਕਾਂ ਮਾਰਨ ਤੋਂ ਪਰਹੇਜ਼ ਕਰੋ। ਜੇ ਤੁਸੀਂ ਸ਼ਾਂਤ ਹੋ ਤੁਸੀਂ ਵਧੇਰੇ ਜਾਨਵਰ ਦੇਖੋਂਗੇ।

ਯਾਦ ਰੱਖੋ - ਆਪਣੇ ਵਿਸ਼ੇਸ਼ ਸਥਾਨ ਦਾ ਧਿਆਨ ਰੱਖਕੇ .... ਤੁਸੀਂ ਕੁਦਰਤ ਦਾ ਵਧੇਰੇ ਆਨੰਦ ਮਾਣੋਂਗੇ।

ਵਧੇਰੇ ਜਾਣਕਾਰੀ ਅਤੇ ਸਮੱਗਰੀ ਵਾਸਤੇ: 1-877-238-9343

ਕਿਰਪਾ ਕਰਕੇ ਧਿਆਨ ਦਿਉ ਕਿ ਭਾਵੇਂ ਤੁਹਾਡੀ ਸਹੂਲਤ ਲਈ ਕੁਝ ਜਾਣਕਾਰੀ ਦਾ ਵਾਧੂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ, ਪਾਰਕਸ ਕੈਨੇਡਾ ਦਾ ਸਟਾਫ ਕੈਨੇਡਾ ਵਿੱਚ ਦੋ ਦਫਤਰੀ ਭਾਸ਼ਾਵਾਂ ਵਿੱਚ ਸੇਵਾਵਾਂ ਪ੍ਰਦਾਨ ਕਰਦਾ ਹੈ: ਫਰੈਂਚ ਅਤੇ ਅੰਗ੍ਰੇਜ਼ੀ।

ਉਪਕਰਨ

ਟੈਂਟ: ਇੱਕ ਟੈਂਟ ਨੂੰ ਕਿਰਾਏ ਤੇ ਲੈਣਾ, ਖਰੀਦਣਾ ਜਾਂ ਉਧਾਰ ਲੈਣਾ ਯਕੀਨੀ ਬਣਾਉ ਜੋ ਤੁਹਾਨੂੰ ਸੁੱਕਾ ਅਤੇ ਅਰਾਮਦੇਹ ਰੱਖੇ। ਆਪਣੇ ਪਹਿਲੇ ਕੈਂਪਿੰਗ ਟਰਿਪ ਤੋਂ ਪਹਿਲਾਂ ਘਰ ਵਿਖੇ ਟੈਂਟ ਨੂੰ ਲਗਾਉਣ ਦੀ ਪ੍ਰੈਕਟਿਸ ਕਰੋ।

ਗਰਾਉਂਡਸ਼ੀਟ: ਗਰਾਉਂਡਸ਼ੀਟ ਕਪੜੇ ਦਾ ਇੱਕ ਟੁੱਕੜਾ ਹੁੰਦਾ ਹੈ ਜੋ ਤੁਸੀਂ ਟੈਂਟ ਦੇ ਅੰਦਰ ਆਪਣਟ ਟੈਂਟ ਦੇ ਫਰਸ਼ ਨੂੰ ਬਚਾਉਣ ਲਈ ਵਿਛਾਉਂਦੇ ਹੋ।

ਤਿਰਪਾਲ: “ਇੱਕ “ਤਿਰਪਾਲ” ਲਉ ਅਤੇ ਇਸ ਨੂੰ ਪਿਕਨਿਕ ਮੇਜ਼ ਦੇ ਉੱਪਰ ਟੰਗ ਦਿਉ ਤਾਂ ਜੋ ਤੁਸੀਂ ਬਰਸਾਤ ਹੋਣ ਤੇ ਸੁੱਕੇ ਰਹਿ ਸਕੋ।

ਸੌਣ ਵਾਲਾ ਬੈਗ: ਜੇ ਤੁਹਾਡੇ ਕੋਲ ਸੌਣ ਵਾਲਾ ਬੈਗ ਨਹੀਂ ਹੈ ਤਾਂ ਘਰ ਤੋਂ ਇੱਕ ਕੰਬਲ ਅਤੇ ਚਾਦਰ ਲੈ ਕੇ ਆਉ।

ਸਿਰ੍ਹਾਣਾ: ਵਾਧੂ ਅਰਾਮ ਲਈ, ਇੱਕ ਛੋਟਾ ਸਿਰ੍ਹਾਣਾ ਲਿਆਉ। ਜੇ ਤੁਸੀਂ ਠੀਕ ਸਮਝੋ ਤਾਂ ਕੰਮ-ਚਲਾਊ ਕੈਂਪਿੰਗ ਸਿਰ੍ਹਾਣੇ ਲਈ ਇੱਕ ਥੈਲੀ ਨੂੰ ਵਾਧੂ ਕਪੜਿਆਂ ਨਾਲ ਭਰ ਲਉ।

ਸੌਣ ਵਾਲੇ ਪੈਡ ਜਾਂ ਹਵਾ ਵਾਲੇ ਗੱਦੇ: ਵਾਧੂ ਅਰਾਮ ਅਤੇ ਗਰਮਾਹਟ ਲਈ ਇੱਕ ਸੌਣ ਵਾਲਾ ਪੈਡ ਜਾਂ ਚਟਾਈ ਆਪਣੇ ਸੌਣ ਵਾਲੇ ਬੈਗ ਦੇ ਨੀਚੇ ਵਿਛਾਓ।

ਲਾਲਟੈਣ: ਆਪਣੇ ਟੈਂਟ ਵਿੱਚ ਬੈਟਰੀ ਨਾਲ ਚੱਲਦੀ ਲਾਲਟੈਣ ਦੀ ਵਰਤੋਂ ਕਰੋ; ਗੈਸ ਜਾਂ ਪ੍ਰੋਪੇਨ ਵਾਲੀਆਂ ਲਾਲਟੈਣਾਂ ਬਾਹਰ ਲਈ ਠੀਕ ਹਨ ਪਰ ਇਨ੍ਹਾਂ ਨੂੰ ਟੈਂਟਾਂ ਦੇ ਅੰਦਰ ਨਹੀਂ ਲਗਾਉਣਾ ਚਾਹੀਦਾ।

ਵਾਧੂ ਬੈਟਰੀਆਂ ਦੇ ਨਾਲ ਫਲੈਸ਼ਲਾਇਟਾਂ ਜਾਂ ਹੈਡਲੈਂਪ: ਫਲੈਸ਼ਲਾਇਟ ਹੈਡਲੈਂਪ ਤਹਾਡੇ ਹੱਥਾਂ ਨੂੰ ਲਾਇਟ ਕਰਨ ਵੇਲੇ ਖਾਲੀ ਰੱਖਦਾ ਹੈ ਜੋ ਕੁਝ ਵੀ ਤੁਸੀਂ ਕਰ ਰਹੇ ਹੁੰਦੇ ਹੋ। ਇੱਕ ਕੈਂਪਰ ਲਈ ਇੱਕ ਹੈਡਲੈਂਪ ਬਹੁਤ ਹੈ।

ਰੱਸੀ ਜਾਂ ਡੋਰੀ: ਰੱਸੀ ਅਤੇ ਡੋਰੀ ਨੂੰ ਬਹੁਤ ਚੀਜ਼ਾਂ ਲਈ ਵਰਤਿਆ ਜਾ ਸਕਦਾ ਹੈ ਜਿਨ੍ਹਾਂ ਵਿੱਚ ਕੱਪੜਿਆਂ ਦੀ ਲਾਇਨ ਅਤੇ ਲਮਕਦੇ ਤਿਰਪਾਲ ਸ਼ਾਮਿਲ ਹਨ।

ਡੱਕਟ ਟੇਪ: ਡੱਕਟ ਟੇਪ ਮਜ਼ਬੂਤ, ਪਾਣੀ ਰੋਕਣ ਵਾਲੀ ਹੁੰਦੀ ਹੈ ਅਤੇ ਅਸਥਾਈ ਤੌਰ ਤੇ ਕਿਸੇ ਵੀ ਚੀਜ਼ ਨੂੰ ਜੋੜ ਸਕਦੀ ਹੈ!

ਭਰੀ ਥੈਲੀ: ਇਹ ਬੈਗ ਤੁਹਾਡੇ ਕਪੜਿਆਂ ਨੂੰ ਦਬਾਉਣ ਅਤੇ ਵਿਵਸਥਿਤ ਕਰਨ ਵਿੱਚ ਮਦਦ ਕਰਦੇ ਹਨ।

ਰਸੋਈ ਸਮਗਰੀ

ਮੈੱਸ ਕਿੱਟ (ਪਲੇਟ/ਮੱਗ/ਕਟੋਰੀ/ਭਾਂਡੇ): ਪਲਾਸਟਿਕ ਜਾਂ ਸਟੀਲ ਦੀਆਂ ਪਲੇਟਾਂ, ਮੱਗ, ਕਟੋਰੀਆਂ ਅਤੇ ਭਾਂਡੇ ਸੱਭ ਤੋਂ ਵਧੀਆ ਹਨ ਕਿਉਂਕਿ ਉਹ ਮਜ਼ਬੂਤ, ਕਾਫੀ ਹਲਕੇ ਅਤੇ ਦੁਬਾਰਾ ਵਰਤਣਯੋਗ ਹੁੰਦੇ ਹਨ।

ਕੈਂਪ ਸਟੋਵ: ਕਈ ਤਰ੍ਹਾਂ ਦੇ ਕੈਂਪ ਸਟੋਵ ਹੁੰਦੇ ਹਨ, ਇਸ ਲਈ ਆਪਣੇ ਲਈ ਆਦਰਸ਼ ਮਾਡਲ ਚੁਣਨ ਲਈ ਸਲਾਹ ਲੈ ਲਉ।

ਬਾਲਣ: ਬਾਲਣ ਕਈ ਤਰ੍ਹਾਂ ਦੇ ਰੂਪਾਂ ਅਤੇ ਕਿਸਮਾਂ ਵਿੱਚ ਆਉਂਦਾ ਹੈ, ਇਸ ਲਈ ਇਹ ਯਕੀਨੀ ਬਣਾਉ ਕਿ ਤੁਹਾਡੇ ਕੋਲ ਤੁਹਾਡੇ ਸਟੋਵ ਜਾਂ ਲਾਲਟੈਣ ਲਈ ਸਹੀ ਬਾਲਣ ਹੈ।

ਵੱਡੇ ਕਟੋਰੇ: ਇੱਕ ਵੱਡਾ ਕਟੋਰਾ ਕੈਂਪਸਾਇਟ ਤੇ ਖਾਣਾ ਬਣਾਉਣ ਲਈ ਸਮਗਰੀਆਂ ਨੂੰ ਮਿਲਾਉਣ ਲਈ ਉਪਯੋਗੀ ਹੁੰਦਾ ਹੈ।

ਕਟਿੰਗ ਬੋਰਡ: ਸਨੈਕਸ ਅਤੇ ਖਾਣਾ ਬਣਾਉਣ ਦੌਰਾਨ ਸਮਗਰੀਆਂ ਨੂੰ ਕੱਟਣ ਲਈ ਕਟਿੰਗ ਬੋਰਡ ਬਹੁਤ ਕੰਮ ਆਉਂਦਾ ਹੈ।

ਛੁਰੀ/ਲੱਕੜ ਦਾ ਚਮਚਾ/ਚਿਮਟਾ: ਕਿਹੜਾ ਖਾਣਾ ਤੁਸੀਂ ਬਣਾਉਣਾ ਹੈ ਨੂੰ ਧਿਆਨ ਵਿੱਚ ਰੱਖੋ ਅਤੇ ਉਨਾਂ ਨੂੰ ਬਣਾਉਣ ਲਈ ਜਿਹੜੇ ਬਰਤਨਾਂ ਦੀ ਲੋੜ ਤੁਹਾਨੂੰ ਪਏਗੀ ਉਨ੍ਹਾਂ ਨੂੰ ਪੈਕ ਕਰਨਾ ਯਾਦ ਰੱਖੋ।

ਭਾਂਡੇ/ਕੜਾਹੀ: ਭਾਂਡਿਆਂ ਅਤੇ ਕੜਾਹੀਆਂ ਜੋ ਅੱਗ ਤੇ ਖਾਣਾ ਬਣਾਉਣ ਲਈ ਬਣਾਈਆਂ ਗਈਆਂ ਹਨ ਨੂੰ ਲਿਜਾਉ ਜੇ ਤੁਸੀਂ ਅੱਗ ਤੇ ਖਾਣਾ ਬਣਾਉਣ ਦੀ ਯੋਜਨਾ ਬਣਾ ਰਹੇ ਹੋ।

ਓਵਨ ਦਸਤਾਨੇ: ਭਾਂਡਿਆਂ ਨੂੰ ਪਕੜਣ ਵਾਲਾ ਜਾਂ ਓਵਨ ਦਸਤਾਨੇ ਤੁਹਾਡੇ ਹੱਥਾਂ ਨੂੰ ਅਰਾਮਦੇਹ ਰੱਖੇਗਾ ਜਦੋਂ ਤੁਸੀਂ ਆਪਣੇ ਭਾਂਡਿਆਂ ਅਤੇ ਕੜਾਹੀਆਂ ਨੂੰ ਸਟੋਵ ਜਾਂ ਅੱਗ ਦੇ ਅੱਗੇ-ਪਿੱਛੇ ਲਿਜਾਉਂਦੇ ਹੋ।

ਭਾਂਡਿਆਂ ਦਾ ਮੁੱਠਾ: ਕੁਝ ਕੜਾਹੀਆਂ ਅਤੇ ਭਾਂਡੇ ਹੈਂਡਲਾਂ ਨਾਲ ਨਹੀਂ ਆਉਂਦੇ ਅਤੇ ਕੜਾਹੀ ਜਾਂ ਭਾਂਡੇ ਨੂੰ ਚੁੱਕਣ ਲਈ ਪੱਤਰੇ-ਵਰਗੇ ਮੁੱਠੇ ਵਰਤੇ ਜਾਂਦੇ ਹਨ।

ਡਿਸ਼ਪੈਨ: ਇੱਕ ਵੱਡਾ ਪਲਾਸਟਿਕ ਦਾ ਡੱਬਾ ਜਾਂ ਬਕਸਾ ਲਿਜਾਉ। ਤੁਸੀਂ ਇਸ ਵਿੱਚ ਪਾਣੀ ਭਰਕੇ ਵਰਤ ਸਕਦੇ ਹੋ ਅਤੇ ਆਪਣੇ ਭਾਂਡੇ ਇਸ ਵਿੱਚ ਧੋ ਸਕਦੇ ਹੋ।

ਬਾਇਓਡੀਗ੍ਰੇਡੇਬਲ ਭਾਂਡੇ ਸਾਫ ਕਰਨ ਵਾਲ ਸਾਬਣ:  ਸੁਨਿਸ਼ਚਿਤ ਕਰੋ ਕਿ ਤੁਹਾਡਾ ਭਾਂਡੇ ਸਾਫ ਕਰਨ ਵਾਲਾ ਸਾਬਣ ਬਾਇਓਡੀਗ੍ਰੇਡੇਬਲ ਹੋਏ ਅਤੇ ਸਿੰਕ ਜਾਂ ਨਾਲੀ ਵਿੱਚ ਹੀ ਖਤਮ ਹੋ ਜਾਏ ਨਾ ਕਿ ਝੀਲ ਜਾਂ ਮੈਦਾਨ ਵਿੱਚ। ਹੋਰ ਜ਼ਿਆਦਾ ਜਾਣਨ ਲਈ “”ਕੈਂਪਿੰਗ ਬੇਸਿਕਸ” ਵੇਖੋ।

ਖਾਣਾ ਠੰਢਾ ਰੱਖਣ ਵਾਲਾ: ਤੁਹਾਡਾ ਕੂਲਰ ਜੰਗਲੀ-ਜੀਵ-ਪ੍ਰਤਿਰੋਧੀ ਨਹੀਂ ਹੈ ਇਸ ਲਈ ਰਾਤ ਵੇਲੇ ਜਾਂ ਕਿਸੇ ਹੋਰ ਸਮੇਂ ਜਦੋਂ ਤੁਸੀਂ ਕੈਂਪਸਾਇਟ ਵਿਖੇ ਨਹੀਂ ਹੋ ਇਸ ਨੂੰ ਸਹੀ ਢੰਗ ਨਾਲ ਸਟੋਰ ਕਰਨਾ ਸੁਨਿਸ਼ਚਿਤ ਕਰੋ।

ਵਾਟਰਪਰੂਫ ਮਾਚਿਸਾਂ/ਲਾਈਟਰ: ਜੇ ਤੁਹਾਡੇ ਕੋਲ ਵਾਟਰਪਰੂਫ ਮਾਚਿਸਾਂ ਜਾਂ ਲਾਈਟਰ ਨਹੀਂ ਹਨ ਤਾਂ ਆਪਣੀਆਂ ਮਾਚਿਸਾਂ ਨੂੰ ਇੱਕ ਵਾਟਰਪਰੂਫ ਡੱਬੇ ਜਾਂ ਬੈਗ ਵਿੱਚ ਰੱਖੋ।

ਕੈਨ ਓਪਨਰ: ਜੇ ਤੁਹਾਡੇ ਜੇਬ ਵਾਲੇ ਚਾਕੂ ਵਿੱਚ ਕੈਨ ਓਪਨਰ ਨਹੀਂ ਹੈ ਤਾਂ ਇੱਕ ਵੱਖਰਾ ਕੰਮ ਆਏਗਾ।

ਮੇਜ਼ਪੋਸ਼: ਇੱਕ ਮਜ਼ਬੂਤ, ਪਲਾਸਟਿਕ ਦਾ ਦੁਬਾਰਾ ਵਰਤਣਯੋਗ ਮੇਜ਼ਪੋਸ਼ ਲਿਜਾਓ। ਖਾਣੇ ਤੋਂ ਬਾਅਦ ਇਸ ਨੂੰ ਸਾਫ ਕਰਨਾ ਅਸਾਨ ਹੁੰਦਾ ਹੈ ਅਤੇ ਇਹ ਬਾਰਿਸ਼ ਨਾਲ ਖਰਾਬ ਵੀ ਨਹੀਂ ਹੋਏਗਾ।

ਐਲੂਮੀਨੀਅਮ ਫੋਇਲ: ਐਲੂਮੀਨੀਅਮ ਫੋਇਲ ਕੈਂਪਸਾਇਟ ਤੇ ਕੰਮ ਆਉਂਦੀ ਹੈ, ਖਾਸ ਕਰਕੇ ਅੱਗ ਤੇ ਖਾਣਾ ਬਣਾਉਣ ਅਤੇ ਬਚੇ ਹੋਏ ਸਮਾਨ ਨੂੰ ਲਪੇਟਣ ਲਈ।

ਕਾਗਜ਼ ਦੇ ਤੋਲੀਏ: ਘਰ ਦੀ ਤਰ੍ਹਾਂ, ਕਾਗਜ਼ ਦੇ ਤੋਲੀਏ ਖਰਾਬ ਅਤੇ ਗਿਰੇ ਹੋਏ ਖਾਣੇ ਨੂੰ ਸਾਫ ਕਰਨ ਦੇ ਕੰਮ ਆ ਸਕਦੇ ਹਨ।

ਕੂੜੇ ਵਾਲੇ ਬੈਗ: ਤੁਹਾਡੇ ਸਾਰੇ ਕੂੜੇ ਨੂੰ ਸੰਭਾਲਣ ਲਈ ਕੁਝ ਕੂੜੇ ਵਾਲੇ ਬੈਗ ਕੰਮ ਆਉਂਦੇ ਹਨ। ਰਾਤ ਨੂੰ ਆਪਣੇ ਕੂੜੇ ਨੂੰ ਆਪਣੇ ਵਾਹਨ ਵਿੱਚ ਸੰਭਾਲਣਾ ਨਾ ਭੁੱਲੋ।

ਮੋਮਬੱਤੀਆਂ ਅਤੇ ਹੋਲਡਰ: ਪਿਕਨਿਕ ਮੇਜ਼ ਤੇ ਮੋਮਬੱਤੀਆਂ ਜਾਂ ਟੀ-ਲਾਇਟਾਂ ਤੁਹਾਡੇ ਪਿਕਨਿਕ ਮੇਜ਼ ਤੇ ਕੁਝ ਰੋਸ਼ਨੀ ਖਿਲਾਰਦੀਆਂ ਹਨ, ਖਾਸ ਕਰਕੇ ਜੇ ਤੁਹਾਡੇ ਕੋਲ ਲਾਲਟੈਣ ਨਹੀਂ ਹੈ। ਵਿੰਡਪਰੂਫ ਮੋਮਬੱਤੀ-ਹੋਲਡਰ ਦੀ ਸਲਾਹ ਦਿੱਤੀ ਜਾਂਦੀ ਹੈ।

ਨਿੱਜੀ ਸਮਾਨ

ਕੀੜੇ-ਮਕੌੜੇ ਭਜਾਉਣ ਵਾਲਾ: ਵੱਖ-ਵੱਖ ਸਮਗਰੀਆਂ ਨਾਲ ਕਈ ਕੀੜੇ-ਮਕੌੜੇ ਭਜਾਉਣ ਵਾਲੇ ਉਪਲਬਧ ਹਨ ਇਸ ਲਈ ਯਕੀਨੀ ਬਣਾਉ ਕਿ ਤੁਸੀਂ ਉਸ ਨੂੰ ਚੁਣੋ ਜੋ ਤੁਹਾਡੇ ਲਈ ਸਹੀ ਹੈ।

ਸਨਸਕ੍ਰੀਨ: ਸਨਸਕ੍ਰੀਨ ਜਰੂਰੀ ਹੈ – ਖਾਸ ਕਰਕੇ ਉਚਾਈ ਵਾਲੀਆਂ ਜਗ੍ਹਾਵਾਂ ਤੇ ਜਿੱਥੇ ਸੂਰਜ ਦੀਆਂ ਕਿਰਨਾਂ ਹੋਰ ਨਿੱਗਰ ਹੋ ਜਾਂਦੀਆਂ ਹਨ ਅਤੇ ਪਾਣੀ ਤੇ, ਜਿੱਥੇ ਕਿਰਨਾਂ ਪ੍ਰਤਿਬਿੰਬ ਕਾਰਨ ਕਈ ਗੁਣਾਂ ਹੋ ਜਾਂਦੀਆਂ ਹਨ।

ਸੀਟੀ: ਜੇ ਤੁਸਿਂ ਮੁਸੀਬਤ ਵਿੱਚ ਹੁੰਦੇ ਹੋ ਤਾਂ ਇੱਕ ਵਧੀਆ ਸੀਟੀ ਸੁਣਨ ਦੀ ਸੀਮਾ ਵਿੱਚ ਆਉਂਦੇ ਲੋਕਾਂ ਨੂੰ ਚੌਕੰਨਾ ਕਰ ਸਕਦੀ ਹੈ।

ਚਿਮਟੀ: ਉਂਗਲਾਂ ਤੋਂ ਪੜਛੇ ਵਰਗੀਆਂ ਚੀਜ਼ਾਂ ਨੂੰ ਲਾਉਣ ਲਈ ਚਿਮਟੀ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਐਲਓਏ ਜ਼ੈਲ: ਐਲਓਏ  ਧੁੱਪ ਨਾਲ ਝੁਲਸੀ ਤਵੱਚਾ ਨੂੰ ਅਰਾਮ ਦਿੰਦਾ ਹੈ।

ਨਿੱਜੀ ਹਾਇਜੀਨ

ਬਾਇਓਡੀਗ੍ਰੇਡੇਬਲ ਸ਼ੈਂਪੂ ਅਤੇ ਸਾਬਣ: ਉਹ ਸ਼ੈਂਪੂ ਅਤੇ ਸਾਬਣ ਵੇਖੋ ਜੋ ਬਾਇਓਡੀਗ੍ਰੇਡੇਬਲ ਹੋਏ। ਯਾਦ ਰੱਖੋ – ਬਾਇਓਡੀਗ੍ਰੇਡੇਬਲ ਉਤਪਾਦ ਵੀ ਸਿੰਕ ਜਾਂ ਨਾਲੀ ਵਿੱਚ ਖਤਮ ਹੋਣੇ ਚਾਹੀਦੇ ਹਨ, ਨਾ ਕਿ ਝੀਲਾਂ ਵਿੱਚ।

ਬੱਚਿਆਂ ਨਾਲ ਕੈਂਪਿੰਗ

ਡਾਇਪਰ ਅਤੇ ਪੂੰਝਣੇ: ਟਰਿਪ ਲਈ ਕਾਫੀ ਸਾਰੇ ਡਾਇਪਰ ਅਤੇ ਪੂੰਝਣੇ ਲਿਜਾਓ (ਕੁਝ ਫਾਲਤੂ ਵੀ)। ਪੂਟੇ ਪੈਕੇਟ ਨੂੰ ਪੈਕ ਕਰਨ ਦੀ ਲੋੜ ਨਹੀਂ ਹੈ!

ਅਤੀਰਿਕਤ ਕਪੜੇ/ਜੁਤੀਆਂ: ਬੱਚਿਆਂ ਨੂੰ ਸੁੱਕਾ ਅਤੇ ਨਿੱਘਾ ਰੱਖਣ ਨੂੰ ਯਕੀਨੀ ਬਣਾਉਣ ਲਈ ਕਪੜਿਆਂ ਅਤੇ ਜੁਤੀਆਂ ਦੇ ਕਈ ਅਤੀਰਿਕਤ ਸੈਟ ਪੈਕ ਕਰੋ। ਬੱਚੇ ਕੈਂਪਿੰਗ ਦਾ ਆਨੰਦ ਮਾਣਦੇ ਹਨ, ਪਰ ਇੱਥੇ ਘਰ ਨਾਲੋਂ ਜਲਦੀ ਗਿੱਲੇ ਅਤੇ ਗੰਦੇ ਹੋ ਜਾਂਦੇ ਹਨ।

ਪਾਲਤੂ ਜਾਨਵਰਾਂ ਨਾਲ ਕੈਂਪਿੰਗ

ਸੰਗਲੀ: ਬਹੁਤੇ ਰਾਸ਼ਟਰੀ ਪਾਰਕਾਂ ਦੇ ਪਾਲਤੂ ਜਾਨਵਰਾਂ ਅਤੇ ਸੰਗਲੀਆਂ ਸੰਬੰਧੀ ਨਿਯਮ ਹਨ – ਜਾਣ ਤੋਂ ਪਹਿਲਾਂ ਇਨ੍ਹਾਂ ਨੂੰ ਜਾਣਨਾ ਯਕੀਨੀ ਬਣਾਉ।

ਡੋਗੀ ਬੈਗਸ: ਹਰ ਵਾਰ ਆਪਣੇ ਪਾਲਤੂ ਜਾਨਵਰ ਦੇ ਕਰਨ ਤੋਂ ਬਾਅਦ ਸਫਾਈ ਕਰਨਾ ਯਾਦ ਰੱਖੋ।

ਪਾਲਤੂ ਜਾਨਵਰਾਂ ਦਾ ਖਾਣਾ/ਭੋਜਨ: ਰਾਤ ਦੇ ਸਮੇਂ ਜਾਂ ਜਦੋਂ ਤੁਸੀਂ ਕੈਂਪਸਾਇਟ ਤੋਂ ਦੂਰ ਜਾਂਦੇ ਹੋ, ਤਾਂ ਆਪਣੇ ਖਾਣੇ ਦੀ ਤਰ੍ਹਾਂ ਪਾਲਤੂ ਜਾਨਵਰਾਂ ਦੇ ਖਾਣੇ ਨੂੰ ਵੀ ਸਹੀ ਢੰਗ ਨਾਲ ਸਟੋਰ ਕਰੋ।

ਬਰੱਸ਼: ਤੁਹਾਡੇ ਪਾਲਤੂ ਜਾਨਵਰ ਦੇ ਵਾਲਾਂ ਵਿਚੋਂ ਗੰਦਗੀ ਜਾਂ ਕੋਈ ਹੋਰ ਚੀਜ਼ ਨੂੰ ਸਾਫ ਕਰਨ ਲਈ ਬਰੱਸ਼ ਕੰਮ ਆਏਗਾ।

ਹੋਰ

ਕਪੜਿਆਂ ਦੇ ਪਿੰਨ: ਰੱਸੀ ਤੇ ਗਿਲੀਆਂ ਵਸਤੂਆਂ ਨੂੰ ਸੁਕਾਉਣ ਵਾਸਤੇ ਟੰਗਣ ਲਈ ਕੁਝ ਕਪੜਿਆਂ ਦੇ ਪਿੰਨ ਲਿਜਾਉ।

ਛੋਟਾ ਝਾੜੂ ਅਤੇ ਕੂੜੇ ਵਾਲਾ ਭਾਂਡਾ: ਕੋਈ ਵੀ ਬਚੀਆਂ ਚੀਜ਼ਾਂ, ਪਾਇਨ ਸੂਈਆਂ ਅਤੇ ਗੰਦਗੀ ਨੂੰ ਸਾਫ ਕਰਨ ਅਤੇ ਆਪਣੇ ਟੈਂਟ ਨੂੰ ਸਾਫ-ਸੁਥਰਾ ਰੱਖਣ ਲਈ ਝਾੜੂ ਅਤੇ ਕੂੜੇ ਵਾਲੇ ਭਾਂਡੇ ਦੀ ਵਰਤੋਂ ਕਰੋ।

ਪ੍ਰਾਥਮਿਕ ਚਿਕਿਤਸਾ ਕਿਟ: ਸੁਨਿਸ਼ਚਿਤ ਕਰੋ ਕਿ ਤੁਹਾਡੀ ਪ੍ਰਾਥਮਿਕ ਚਿਕਿਤਸਾ ਕਿਟ ਪੂਰੀ ਅਤੇ ਨਵੀਨਤਮ ਹੋਏ।
ਅੱਗ ਜਲਾਉਣ ਲਈ ਅਖਬਾਰ: ਜੇ ਤੁਹਾਡੇ ਕੋਲ ਕੋਈ ਅਖਬਾਰ ਨਹੀਂ ਹੈ, ਤਾਂ ਹੋਰ ਕਿਸੇ ਵੀ ਤਰ੍ਹਾਂ ਦਾ ਕਾਗਜ਼ ਕੰਮ ਕਰ ਦੇਵੇਗਾ।

ਕਿਰਪਾ ਕਰਕੇ ਧਿਆਨ ਦਿਉ ਕਿ ਭਾਵੇਂ ਤੁਹਾਡੀ ਸਹੂਲਤ ਲਈ ਕੁਝ ਜਾਣਕਾਰੀ ਦਾ ਵਾਧੂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ, ਪਾਰਕਸ ਕੈਨੇਡਾ ਦਾ ਸਟਾਫ ਕੈਨੇਡਾ ਵਿੱਚ ਦੋ ਦਫਤਰੀ ਭਾਸ਼ਾਵਾਂ ਵਿੱਚ ਸੇਵਾਵਾਂ ਪ੍ਰਦਾਨ ਕਰਦਾ ਹੈ: ਫਰੈਂਚ ਅਤੇ ਅੰਗ੍ਰੇਜ਼ੀ।

ਟੈਂਟ ਕਿਵੇਂ ਲਗਾਉਣਾ ਹੈ

ਟੈਂਟ ਲਗਾਉਣਾ ਬਹੁਤ ਹੀ ਅਸਾਨ ਹੈ ... ਇੱਕ ਜਾਂ ਦੋ ਵਾਰ ਜਦੋਂ ਤੁਸੀਂ ਲਗਾ ਲੈਂਦੇ ਹੋ। ਇਸ ਨੂੰ ਹੋਰ ਅਸਾਨ ਬਣਾਉਣ ਲਈ, ਅਸੀਂ ਇਸ ਨੂੰ ਕਦਮਾਂ ਵਿੱਚ ਦੱਸਿਆ ਹੈ। ਤੁਸੀਂ ਵੀਡੀਓ ਨੂੰ ਵੇਖ ਸਕਦੇ ਹੋ ਜਾਂ ਹੇਠਲੇ ਨਿਰਦੇਸ਼ਾਂ ਦੀ ਪਾਲਣਾ ਕਰ ਸਕਦੇ ਹੋ। ਇਸ ਨੂੰ ਜਾਣਨ ਤੋਂ ਪਹਿਲਾਂ, ਤੁਸੀਂ ਆਪਣੇ ਟੈਂਟ ਦਾ ਸਾਮਾਨ ਲਉ ਅਤੇ ਜਾਣ ਲਈ ਤਿਆਰ ਹੋ ਜਾਉ!

ਇਹ ਕਦਮ ਤੁਹਾਨੂੰ ਤੁਹਡਾ ਟੈਂਟ ਲਗਾਉਣ ਵਿੱਚ ਮਦਦ ਕਰਨਗੇ। ਸਾਰੇ ਟੈਂਟ ਇਕੋ ਜਿਹੇ ਨਹੀਂ ਹੁੰਦੇ ਪਰ ਸਾਰੇ ਮਾਮਲਿਆਂ ਵਿੱਚ ਪ੍ਰਕਿਰਿਆ ਇਕੋ ਜਿਹੀ ਹੁੰਦੀ ਹੈ।

1. ਆਪਣਾ ਟੈਂਟ ਲਗਾਉਣ ਲਈ ਇੱਕ ਉਪਯੁਕਤ ਇਲਾਕਾ ਲੱਭੋ। ਪਾਰਕਸ ਕੈਨੇਡਾ ਦੀਆਂ ਬਹੁਤ ਸਾਰੀਆਂ ਫਰੰਟਕੰਟ੍ਰੀ ਕੈਂਪਸਾਇਟਾਂ ਕੋਲ ਟੈਂਟ ਪੈਡ ਹੋਏਗਾ ਜੋ ਪਹਿਲਾਂ ਹੀ ਦੱਸ ਦੇਵੇਗਾ ਕਿ ਤੁਹਾਡਾ ਟੈਂਟ ਕਿੱਥੇ ਲੱਗਣਾ ਹੈ। ਜੇ ਨਹੀਂ ਤਾਂ ਤੁਸੀਂ ਉਸ ਇਲਾਕੇ ਨੂੰ ਚੁਣਨਾ ਚਾਹੋਗੇ ਜੋ ਮਲਬੇ ਤੋਂ ਦੂਰ ਹੋਏ – ਜੜ੍ਹਾਂ, ਪੱਥਰਾਂ, ਟਾਹਣੀਆਂ ਅਤੇ ਹੋਰ ਚੀਜ਼ਾਂ ਜਿਨ੍ਹਾਂ ਤੇ ਸੌਣਾ ਕਸ਼ਟਦਾਇਕ ਹੋਏ। ਫੇਰ, ਇਹ ਯਕੀਨੀ ਬਣਾਉ ਕਿ ਇਲਾਕਾ ਪੱਧਰਾ ਹੋਏ ਨਾ ਕਿ ਢਾਲਵਾਂ। ਯਾਦ ਰੱਖੋ ਕਿ ਇਹ ਇਲਾਕਾ ਤੁਹਾਡੇ ਅੱਗ ਦੇ ਖੱਡੇ ਤੋਂ ਦੂਰ ਹੋਏ ਤਾਂ ਕਿ ਤੁਹਾਡੇ ਟੈਂਟ ਤੇ ਚੰਗਿਆੜੀਆਂ ਨਾ ਗਿਰਣ।

2. ਟੈਂਟ ਬੈਗ ਵਿੱਚੋਂ ਸਾਰੀ ਸਮੱਗਰੀ ਬਾਹਰ ਨਿਕਾਲੋ। ਹੁਣ, ਆਪਣਾ ਟੈਂਟ ਬੈਗ ਖੋਲ੍ਹੋ ਅਤੇ ਧਿਆਨ ਰੱਖੋ ਕਿ ਤੁਹਤਡੇ ਕੋਲ ਉਹ ਹਰ ਚੀਜ਼ ਹੋਏ ਜਿਸ ਦੀ ਤੁਹਾਨੂੰ ਜਰੂਰਤ ਹੈ, ਜਿਸ ਵਿੱਚ ਟੈਂਟ ਦਾ ਆਕਾਰ, ਗਰਾਉਂਡਸ਼ੀਟ (ਜੇ ਸ਼ਾਮਿਲ ਹੋਏ), ਟੈਂਟ ਦਾ ਪਰਦਾ, ਖੰਭੇ, ਖੂੰਟੇ ਅਤੇ ਰੱਸੇ ਸ਼ਾਮਿਲ ਹਨ। ਉਨ੍ਹਾਂ ਨੂੰ ਨਜ਼ਦੀਕ ਹੀ ਰੱਖ ਦਿਉ ਤਾਂ ਜੋ ਜਦੋਂ ਤੁਸੀਂ ਉਨ੍ਹਾਂ ਨੂੰ ਵਰਤਣ ਲਈ ਤਿਆਰ ਹੋਵੋ ਤਾਂ ਉਹ ਨੇੜੇ ਹੋਣ।

3. ਆਪਣੇ ਟੈਂਟ (ਅਤੇ ਗਰਾਉਂਡਸ਼ੀਟ) ਨੂੰ ਮੈਦਾਨ ਤੇ ਸਿੱਧਾ ਰੱਖੋ। ਜੇ ਤੁਹਾਡੇ ਕੋਲ ਗਰਾਉਂਡਸ਼ੀਟ ਜਾਂ ਫੁੱਟਪ੍ਰਿੰਟ ਹੈ ਤਾਂ ਇਨ੍ਹਾਂ ਨੂੰ ਉਸ ਜਗ੍ਹਾ ਤੇ ਰੱਖ ਦਿਉ ਜਿੱਥੇ ਤੁਸੀਂ ਟੈਂਟ ਲਗਾਉਣਾ ਚਾਹੁੰਦੇ ਹੋ। ਫੇਰ, ਟੈਂਟ ਨੂੰ ਉਸ ਜਗ੍ਹਾ ਤੇ ਰੇੜ੍ਹੋ। ਇਹ ਸੁਨਿਸ਼ਚਿਤ ਕਰੋ ਕਿ ਦਰਵਾਜ਼ੇ ਨੂੰ ਉਸ ਦਿਸ਼ਾ ਵਿੱਚ ਰੱਖੋ ਜਿਸ ਪਾਸੇ ਤੁਸੀਂ ਪ੍ਰਵੇਸ਼ ਕਰਨਾ ਜਾਂ ਬਾਹਰ ਨਿਕਲਣਾ ਚਾਹੁੰਦੇ ਹੋ।



ਟੈਂਟ ਦੇ ਖੰਭੇ ਦਾ ਸਿਰਾ © Parcs Canada / S. Burroughs



ਟੈਂਟ ਦੇ ਖੰਭੇ ਦੇ ਦੋ ਭਾਗ © Parcs Canada / S. Burroughs

੫. ਖੰਭਿਆਂ ਨੂੰ ਟੈਂਟ ਵਿੱਚ ਪਾਉ। ਇੱਥੇ ਪਹਿਲਾ ਕਦਮ ਹੈ ਖੰਭਿਆਂ ਨੂੰ ਜੋੜੋ। ਧਿਆਨ ਨਾਲ ਹਰ ਖੰਭੇ ਨੂੰ ਅਗਲੇ ਵਿੱਚ ਪਾਉ। ਹਰ ਖੰਬੇ ਲਈ ਦੁਹਰਾਉ। ਅਕਸਰ ਟੈਂਟ ਨਾਲ ਖੰਭਿਆਂ ਨੂੰ ਆਪਣੇ ਆਪ ਕਸਣ ਲਈ ਟੈਂਟ ਕੋਲ ਦੋ ਤਰੀਕੇ ਹੁੰਦੇ ਹਨ: ਕੁਝ ਟੈਂਟ, ਟੈਂਟ ਦੇ ਖੰਭਿਆਂ ਦੀ ਆਸਤੀਨ ਵਰਤਦੇ ਹੋਣਗੇ, ਅਤੇ ਦੂਸਰੇ ਟੈਂਟ ਕਲਿਪ। ਕੁਝ ਟੈਂਟਾਂ ਕੋਲ ਦੋਨਾਂ ਦਾ ਸੁਮੇਲ ਹੁੰਦਾ ਹੈ।

ਆਸਤੀਨਾਂ: ਸਲੀਵ ਡਿਜ਼ਾਇਨ ਵਾਲੇ ਬਹੁਤੇ ਟੈਂਟਾਂ ਦੀਆਂ ਦੋ ਆਸਤੀਨਾਂ ਹੁੰਦੀਆਂ ਹਨ ਜੋ ਟੈਂਟ ਦੇ ਸਿਖਰ ਤੇ ਮਿਲਦੀਆਂ ਹਨ। ਇੱਕ ਆਸਤੀਨ ਨਾਲ ਸ਼ੁਰੂ ਕਰੋ ਅਤੇ ਖੰਭੇ ਨੂੰ ਸਾਰਾ ਇਸ ਵਿੱਚ ਪਾਉ। ਫੇਰ, ਦੂਸਰਾ ਖੰਭਾ ਦੂਸਰੀ ਆਸਤੀਨ ਵਿੱਚ ਪਾਉ। ਹੁਣ, ਟੈਂਟ ਦੇ ਇੱਕ ਪਾਸੇ ਦੇ ਖੰਭਿਆਂ ਦੇ ਸਿਰਿਆਂ ਨੂੰ ਅਸਲ ਟੈਂਟ ਨਾਲ ਜੋੜੋ। ਇਸ ਨੂੰ ਟੈਂਟ ਦੀ ਕਿਸਮ ਦੇ ਅਨੁਸਾਰ ਅਲੱਗ ਅਲੱਗ ਢੰਗ ਨਾਲ ਕੀਤਾ ਜਾਏਗਾ। ਬਹੁਤੇ ਟੈਂਟਾਂ ਦੇ ਨੀਚੇ ਇੱਕ ਗ੍ਰੋਮਟ ਹੁੰਦਾ ਹੈ ਜਿੱਥੇ ਤੁਸੀਂ ਖੰਭੇ ਦੇ ਸਿਰਿਆਂ ਨੂੰ ਪਾ ਸਕਦੇ ਹੋ। ਖੰਬੇ ਦੀ ਨੋਕ ਖੰਭੇ ਨੂੰ ਬਾਹਰ ਨਿਕਲਣ ਤੋਂ ਬਚਾਕੇ ਰੱਖਦੀ ਹੈ। ਦੂਸਰੇ ਟੈਂਟਾਂ ਨਾਲ ਧਾਤ ਦੀ ਪਿੰਨ ਅਤੇ ਛੱਲਾ ਹੁੰਦਾ ਹੈ ਜੋ ਟੈਂਟ ਦੇ ਨੀਚੇ ਜੁੜਿਆ ਹੁੰਦਾ ਹੈ ਜਿਸ ਨੂੰ ਤੁਸੀਂ ਟੈਂਟ ਦੇ ਖੰਭੇ ਦੇ ਨੀਚਲੇ ਹਿੱਸੇ ਵਿੱਚ ਪਾਓਗੇ।

ਇੱਕ ਵਾਰ ਤੁਸੀਂ ਟੈਂਟ ਦੇ ਖੰਭਿਆਂ ਨੂੰ ਟੈਂਟ ਦੇ ਇੱਕ ਪਾਸੇ ਬੰਨ੍ਹ ਲੈਂਦੇ ਹੋ ਤਾਂ ਹੁਣ ਟੈਂਟ ਦੇ ਦੂਸਰੇ ਪਾਸੇ ਜਾਉ। ਵੱਡੇ ਟੈਂਟਾਂ ਲਈ, ਅਗਲਾ ਕਦਮ ਅਸਾਨ ਹੁੰਦਾ ਹੈ ਜੇ ਦੋ ਬੰਦਿਆਂ ਨਾਲ ਕੀਤਾ ਜਾਏ। ਹਰ ਵਿਅਕਤੀ ਖੰਭੇ ਨੂੰ ਨੀਚੇ ਤੋਂ ਖਿੱਚਦਾ ਹੈ ਅਤੇ ਧੱਕਣਾ ਸ਼ੁਰੂ ਕਰਦਾ ਹੈ ਤਾਂ ਕਿ ਟੈਂਟ ਨੂੰ ਚੁੱਕਦੇ ਹੋਏ ਆਸਤੀਨਾਂ ਖਿਸਕ ਜਾਣ। ਇਸ ਨੂੰ ਅਰਾਮ ਨਾਲ ਕਰੋ ਅਤੇ ਜੇ ਤੁਹਾਨੂੰ ਦਬਾਅ ਮਹਿਸੂਸ ਹੁੰਦਾ ਹੈ ਤਾਂ ਇਹ ਯਕੀਨੀ ਬਣਾਉਣ ਲਈ ਕਿ ਕੋਈ ਗੁੰਝਲਾਂ ਨਾ ਪੈਣ, ਇਸ ਨੂੰ ਰੋਕ ਦਿਉ। ਜੇ ਕੋਈ ਗੁੰਝਲ ਪੈਂਦੀ ਹੈ ਅਤੇ ਤੁਸੀਂ ਖਿੱਚਣਾ ਜਾਰੀ ਰੱਖਦੇ ਹੋ ਤਾਂ ਤੁਸੀਂ ਖੰਭੇ ਜਾਂ ਟੈਂਟ

ਨੂੰ ਖਰਾਬ ਕਰ ਸਕਦੇ ਹੋ। ਇੱਕ ਵਾਰ ਜਦੋਂ ਖੰਭੇ ਦਾ ਆਧਾਰ ਟੈਂਟ ਦੇ ਆਧਾਰ ਤੇ ਪਹੁੰਚ ਜਾਂਦਾ ਹੈ, ਟੈਂਟ ਦੇ ਖੰਭਿਆਂ ਨੂੰ ਉਸੇ ਤਰ੍ਹਾਂ ਨਾਲ ਕਸ ਦਿਉ ਜਿਵੇਂ ਕਿ ਦੂਸਰੇ ਪਾਸੇ ਕੀਤਾ ਸੀ।

ਕਲਿਪਾਂ: ਕਲਿਪਾਂ ਵਾਲੇ ਟੈਂਟ ਆਸਤੀਨਾਂ ਵਾਲਿਆਂ ਨਾਲੋਂ ਕੁਝ ਵੱਖਰੇ ਹੁੰਦੇ ਹਨ। ਖੰਭਿਆਂ ਨੂੰ ਟੈਂਟ ਦੇ ਇੱਕ ਪਾਸੇ ਟੈਂਟ ਨਾਲ ਬੰਨ੍ਹ ਦਿਉ। ਇਸ ਨੂੰ ਟੈਂਟ ਦੀ ਕਿਸਮ ਦੇ ਅਨੁਸਾਰ ਅਲੱਗ ਅਲੱਗ ਢੰਗ ਨਾਲ ਕੀਤਾ ਜਾਏਗਾ। ਬਹੁਤੇ ਟੈਂਟਾਂ ਦੇ ਨੀਚੇ ਇੱਕ ਗ੍ਰੋਮਟ ਹੁੰਦਾ ਹੈ ਜਿੱਥੇ ਤੁਸੀਂ ਖੰਭੇ ਦੇ ਸਿਰਿਆਂ ਨੂੰ ਪਾ ਸਕਦੇ ਹੋ। ਖੰਬੇ ਦੀ ਨੋਕ ਖੰਭੇ ਨੂੰ ਬਾਹਰ ਨਿਕਲਣ ਤੋਂ ਬਚਾਕੇ ਰੱਖਦੀ ਹੈ। ਦੂਸਰੇ ਟੈਂਟਾਂ ਨਾਲ ਧਾਤ ਦੀ ਪਿੰਨ ਅਤੇ ਛੱਲਾ ਹੁੰਦਾ ਹੈ ਜੋ ਟੈਂਟ ਦੇ ਨੀਚੇ ਜੁੜਿਆ ਹੁੰਦਾ ਹੈ ਜਿਸ ਨੂੰ ਤੁਸੀਂ ਟੈਂਟ ਦੇ ਖੰਭੇ ਦੇ ਨੀਚਲੇ ਹਿੱਸੇ ਵਿੱਚ ਪਾਓਗੇ।

ਇੱਕ ਵਾਰ ਤੁਸੀਂ ਟੈਂਟ ਦੇ ਖੰਭਿਆਂ ਨੂੰ ਟੈਂਟ ਦੇ ਇੱਕ ਪਾਸੇ ਬੰਨ੍ਹ ਲੈਂਦੇ ਹੋ ਤਾਂ ਹੁਣ ਟੈਂਟ ਦੇ ਦੂਸਰੇ ਪਾਸੇ ਜਾਉ। ਖੰਭਿਆਂ ਨੂੰ ਝੁਕਾਉ ਤਾਂ ਜੋ ਉਹ ਅੱਧ ਵਿੱਚ ਆਰਕ ਬਣਾ ਸਕਣ ਅਤੇ ਉਨ੍ਹਾਂ ਨੂੰ ਟੈਂਟ ਦੇ ਇਸ ਪਾਸੇ ਵੱਲ ਉਸੇ ਤਰ੍ਹਾਂ ਕਸ ਦਿਉ ਜਿਵੇਂ ਤੁਸੀਂ ਦੂਸਰੇ ਪਾਸੇ ਕੀਤਾ ਸੀ। ਹਰ ਖੰਭੇ ਦੇ ਆਧਾਰ ਨਾਲ ਸ਼ੁਰੂ ਕਰਦੇ ਹੋਏ, ਖੰਬੇ ਦੇ ਉੱਪਰ ਵੱਲ ਚਲਦੇ ਜਾਉ ਅਤੇ ਖੰਭੇ ਨੂੰ ਹਰ ਕਲਿਪ ਨਾਲ ਜੋੜਦੇ ਜਾਉ। ਇਸ ਨਾਲ ਟੈਂਟ ਉੱਪਰ ਉੱਠ ਜਾਏਗਾ ਅਤੇ ਟੈਂਟ ਦੇ ਖੰਭਿਆਂ ਨਾਲ ਬੰਨ੍ਹਿਆ ਜਾਏਗਾ।

ਦੋਵੇਂ ਤਰ੍ਹਾਂ ਦੇ ਸੁਮੇਲ ਵਾਲੇ ਟੈਂਟਾਂ ਲਈ, ਆਸਤੀਨਾਂ ਨਾਲ ਸ਼ੁਰੂ ਕਰੋ ਅਤੇ ਫੇਰ ਕਲਿਪਾਂ ਲਗਾਉ। ਟੈਂਟ ਦੇ ਆਕਾਰ ਲਈ ਜ਼ਿਆਦਾ ਖੰਭਿਆਂ ਵਾਲੇ ਟੈਂਟਾਂ ਲਈ, ਆਮ ਤੌਰ ਤੇ ਤੁਸੀਂ ਦੋ ਨਾਲ ਸ਼ੁਰੂ ਕਰਦੇ ਹੋ ਜੋ ਟੈਂਟ ਦੇ ਸਿਖਰ ਤੇ ਮਿਲਦੇ ਹਨ, ਅਤੇ ਫੇਰ ਬਾਕੀ ਬਚੇ ਖੰਭਿਆਂ ਨੂੰ ਉਦੋਂ ਤੱਕ ਜੋੜੋ ਜਦੋਂ ਤੱਕ ਟੈਂਟ ਖੜ੍ਹਾ ਨਹੀਂ ਹੋ ਜਾਂਦਾ।



ਟੈਂਟ ਦੇ ਖੂੰਟਿਆਂ ਨੂੰ ਜੋੜਣ ਲਈ ਗ੍ਰੋਮਟ। © Parcs Canada / S. Burroughs

5. ਟੈਂਟ ਨੂੰ ਖੂੰਟੇ ਨਾਲ ਬੰਨ੍ਹੋ। ਹੁਣ ਤੁਹਾਡਾ ਟੈਂਟ ਖੜ੍ਹਾ ਹੋ ਗਿਆ ਹੈ,ਤੁਸੀਂ ਇਸ ਨੂੰ ਜ਼ਮੀਨ ਤੇ ਬੰਨ੍ਹਣਾ ਚਾਹੋਗੇ। ਸ਼ੁਰੂ ਕਰਨ ਤੋਂ ਪਹਿਲਾਂ ਇਸ ਨਾਲ ਕੋਈ ਵੀ ਅਖੀਰਲੇ ਬਦਲਾਅ ਕਰਨਾ ਚਾਹੁੰਦੇ ਹੋ ਤਾਂ ਕਰ ਲਉ। ਬਹੁਤੇ ਟੈਂਟਾਂ ਦੇ ਨਾਈਲਨ ਦੇ ਵੇਬਿੰਗ ਫੀਤੇ ਹੁੰਦੇ ਹਨ ਜਿਨ੍ਹਾਂ ਦੇ ਸਿਰੇ ਤੇ ਘੁੰਡੀ ਜਾਂ ਗ੍ਰੋਮਟ ਹੁੰਦੇ ਹਨ। ਇਸ ਹਰ ਫੀਤੇ ਵਿੱਚ ਖੂੰਟੇ ਨੂੰ ਰੱਖੋ ਅਤੇ ਫੀਤੇ ਨੂੰ ਟੈਂਟ ਤੋਂ ਪਰ੍ਹਾਂ ਵੱਲ ਖਿੱਚੋਤਾਂ ਜੋ ਟੈਂਟ ਦਾ ਫਰਸ਼ ਖਿੱਚਿਆ ਜਾਏ। ਹੁਣ ਖੂੰਟੇ ਨੂੰ ਜ਼ਮੀਨ ਵਿੱਚ 45 ਡਿਗਰੀ ਦੇ ਕੋਣ ਤੇ ਦਬਾਉ। ਇਸ ਤਰ੍ਹਾਂ ਉਦੋਂ ਤੱਕ ਕਰੋ ਜਦੋਂ ਤੱਕ ਸਾਰੇ ਫੀਤੇ ਖੂੰਟਿਆਂ ਨਾਲ ਬੰਨ੍ਹੇ ਨਾ ਜਾਣ ਅਤੇ ਤੁਹਾਡਾ ਟੈਂਟ ਕਸਿਆ ਨਾ ਜਾਏ। ਖੂੰਟਿਆਂ ਨੂੰ ਸਿੱਧਾ ਨਹੀਂ ਲਗਾਉਣਾ ਕਿਉਂਕਿ ਤੇਜ਼ ਹਵਾ ਚੱਲਣ ਤੇ ਉਹ ਜ਼ਮੀਨ ਤੋਂ ਬਾਹਰ

ਨਿਕਲ ਸਕਦੇ ਹਨ। ਤੇਜ਼ ਹਵਾਵਾਂ ਦੀ ਸਥਿਤੀ ਵਿੱਚ, ਹਵਾ ਟੈਂਟਾਂ ਨੂੰ ਧਕੇਲਦੀ ਹੈ ਅਤੇ ਇਸ ਨਾਲ ਖੂੰਟਿਆਂ ਤੇ ਦਬਾਅ ਪੈਂਦਾ ਹੈ। ਜੇ ਉਹ ਸਿੱਧੇ ਹੁੰਦੇ ਹਨ ਤਾਂ ਖੂੰਟਿਆਂ ਨੂੰ ਗੰਦਗੀ ਵਿਚੋਂ ਬਾਹਰ ਨਿਕਲਣ ਤੋਂ ਰੋਕਣ ਲਈ ਕੋਈ ਰੁਕਾਵਟ ਨਹੀਂ ਹੁੰਦੀ।

6. ਪਰਦੇ ਨੂੰ ਟੈਂਟ ਤੇ ਰੱਖੋ। ਹੁਣ ਤੁਸੀਂ ਪਰਦੇ ਨੂੰ ਆਪਣੇ ਟੈਂਟ ਨਾਲ ਜੋੜਣਾ ਚਾਹੋਗੇ। ਆਮ ਤੌਰ ਤੇ, ਟੈਂਟ ਵਾਟਰ-ਪਰੂਫ ਨਹੀਂ ਹੁੰਦੇ। ਟੈਂਟ ਦੇ ਪਰਦੇਖਰਾਬ ਮੌਸਮ ਵਿੱਚ ਤੁਹਾਨੂੰ ਸੁੱਕਾ ਰੱਖਦੇ ਹਨ। ਕੁਝ ਟੈਂਟ ਪਰਦਿਆਂ ਨੂੰ ਖੰਭੀਆਂ ਨਾਲ ਬੰਨ੍ਹਣ ਦੀ ਲੋੜ ਪੈਂਦੀ ਹੈ। ਬਹੁਤੇ ਡਿਜ਼ਾਇਨਾਂ ਲਈ, ਖੰਭਿਆਂ ਨੂੰ ਪਹਿਲਾਂ ਜੋੜਣਾ ਅਸਾਨ ਹੁੰਦਾ ਹੈ, ਪਰ ਇਹ ਸਾਰੇ ਟੈਂਟ ਮਾਡਲਾਂ ਲਈ ਅਸਾਨ ਨਹੀਂ ਵੀ ਹੋ ਸਕਦਾ ਹੈ। ਪਰਦੇ ਨੂੰ ਕੰਬਲ ਦੀ ਤਰ੍ਹਾਂ ਅਰਾਮ ਨਾਲ ਟੈਂਟ ਦੇ ਉੱਪਰ ਸੁੱਟਣ ਨਾਲ ਸ਼ੁਰੂ ਕਰੋ। ਇਹ ਧਿਆਨ ਰੱਖੋ ਕਿ ਪਰਦੇ ਦਾ ਅਗਲਾ ਹਿੱਸਾ ਟੈਂਟ ਦੇ ਪ੍ਰਵੇਸ਼ ਦੁਆਰ ਨਾਲ ਕਤਾਰ ਵਿੱਚ ਹੋਏ। ਬਹੁਤੇ ਪਰਦੇ ਟੈਂਟ ਦੇ ਖੰਭਿਆਂ ਨਾਲ ਜਾਂ ਟੈਂਟ ਦੇ ਆਧਾਰ ਨਾਲ ਜੁੜ ਜਾਣਗੇ , ਜਿੱਥੇ ਖੰਭੇ ਜੋੜੇ ਹੁੰਦੇ ਹਨ। ਇਹ ਟੈਂਟ ਦੇ ਪਰਦੇ ਦੇ ਆਕਾਰ ਅਤੇ ਟੈਂਟ ਦੇ ਮਾਡਲ ਤੇ ਨਿਰਭਰ ਕਰਦਾ ਹੈ। ਇੱਕ ਵਾਰ ਜਦੋਂ ਪਰਦਾ ਜੁੜ ਜਾਂਦਾ ਹੈ ਤਾਂ ਤੁਸੀਂ ਆਪਣੇ ਬਿਸਤਰ ਅਤੇ ਹੋਰ ਸਮੱਗਰੀ ਨੂੰ ਅੰਦਰ ਲਿਜਾਉਣ ਲਈ ਤਿਆਰ ਹੋ!

ਯਾਦ ਰੱਖੋ:

ਆਪਣੇ ਟੈਂਟ ਦੁਆਰਾਂ ਦੀਆਂ ਜ਼ਿਪਾਂ ਨੂੰ ਬੰਦ ਕਰਕੇ ਤੁਸੀਂ ਕੀੜਿਆਂ ਤੋਂ ਬਚੋਗੇ – ਜਿੱਥੋਂ ਦੇ ਇਹ ਵਸਨੀਕ ਹਨ!
ਟੈਂਟ ਵਿੱਚ ਜਾਣ ਤੋਂ ਪਹਿਲਾਂ ਆਪਣੀਆਂ ਜੁੱਤੀਆਂ ਨੂੰ ਬਾਹਰ ਨਿਕਾਲਕੇ ਤੁਸੀਂ ਟੈਂਟ ਵਿੱਚ ਦੇ ਅੰਦਰ ਗੰਦਗੀ ਤੋਂ ਬਚੋਗੇ

ਕਿਰਪਾ ਕਰਕੇ ਧਿਆਨ ਦਿਉ ਕਿ ਭਾਵੇਂ ਤੁਹਾਡੀ ਸਹੂਲਤ ਲਈ ਕੁਝ ਜਾਣਕਾਰੀ ਦਾ ਵਾਧੂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ, ਪਾਰਕਸ ਕੈਨੇਡਾ ਦਾ ਸਟਾਫ ਕੈਨੇਡਾ ਵਿੱਚ ਦੋ ਦਫਤਰੀ ਭਾਸ਼ਾਵਾਂ ਵਿੱਚ ਸੇਵਾਵਾਂ ਪ੍ਰਦਾਨ ਕਰਦਾ ਹੈ: ਫਰੈਂਚ ਅਤੇ ਅੰਗ੍ਰੇਜ਼ੀ।

## ਕੈਂਪਸਾਇਟ ਦੀਆਂ ਕਿਸਮਾਂ

### ਫਰੰਟਕੰਟ੍ਰੀ ਕੈਂਪਿੰਗ

ਪਾਰਕਸ ਕੈਨੇਡਾ ਦੇ ਫਰੰਟਕੰਟ੍ਰੀ ਕੈਂਪਗਰਾਉਂਡ ਤੁਹਾਡੇ ਕੈਂਪਿੰਗ ਵਿੱਚ ਰਹਿਣ ਨੂੰ ਜ਼ਿੰਨਾ ਜ਼ਿਆਦਾ ਸੰਭਵ ਹੋਏ ਉਨ੍ਹਾਂ ਅਰਾਮਦੇਹ ਬਣਾਉਣ ਲਈ ਸੁਸੱਜਤ ਹਨ। ਉਹ ਤੁਹਾਨੂੰ ਤੁਹਾਡੇ ਵਾਹਨਾਂ ਨੂੰ ਸਿੱਧਾ ਤੁਹਾਡੀ ਕੈਂਪਸਾਇਟ ਤੇ ਲਿਜਾਉਣ ਦੀ ਇਜਾਜ਼ਤ ਦਿੰਦੇ ਹਨ। ਇਹੋ ਜਿਹੇ ਕੈਂਪਗਰਾਉਂਡ ਆਮ ਤੌਰ ਤੇ ਦੂਸਰਿਆਂ ਨਾਲੋਂ ਵਿਅੱਸਤ ਰਹਿੰਦੇ ਹਨ ਕਿਉਂਕਿ ਉਹ ਜ਼ਿਆਦਾ ਸਹੂਲਤਾਂ ਅਤੇ ਸੁਵਿਧਾਵਾਂ ਦਿੰਦੇ ਹਨ ਜਿਨ੍ਹਾਂ ਵਿੱਚ ਸ਼ਾਵਰਸ, ਫਲੱਸ਼ ਪਖਾਨੇ, ਥੀਏਟਰ, ਖੇਡ ਦੇ ਮੈਦਾਨ, ਸਨੈਕ ਬਾਰ, ਵਿਆਖਿਆਤਮਕ ਪ੍ਰੋਗਰਾਮਿੰਗ, ਗੋਲਫ ਦੇ ਮੈਦਾਨ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ। ਸਾਡੇ ਕੁਝ ਕੈਂਪਗਰਾਉਂਡਾਂ ਕੋਲ ਤਾਂ ਸਵਿਮਿੰਗ ਪੂਲ ਵੀ ਹਨ!

### ਸਰਵਿਸਡ ਕੈਂਪਸਾਇਟਾਂ

ਸਰਵਿਸਡ ਕੈਂਪਸਾਇਟਾਂ ਮਨੋਰੰਜਕ ਵਾਹਨਾਂ (ਆਰਵੀਜ਼), ਟਰੇਲਰਜ਼, ਟੈਂਟ ਦੇ ਟਰੇਲਰ, ਆਦਿ ਲਈ ਬਿਜਲਈ, ਸੀਵਰੇਜ਼ ਅਤੇ ਪਾਣੀ ਦੇ ਹੁੱਕਅਪ ਦੇ ਵਿਭਿੰਨ ਸੁਮੇਲ  ਪੇਸ਼ ਕਰਦੀਆਂ ਹਨ।  ਇਨ੍ਹਾਂ ਸੇਵਾਵਾਂ ਦੇ ਸੁਮੇਲ ਵਿਭਿੰਨ ਕੀਮਤਾਂ ਤੇ ਮੌਜੂਦ ਹਨ। ਆਮ ਤੌਰ ਤੇ, ਇੱਕ ਕੈਂਪਸਾਇਟ ਜੋ ਜ਼ਿਆਦਾ ਸੇਵਾਵਾਂ ਪ੍ਰਦਾਨ ਕਰਦੀ ਹੈ ਉਹ ਉਨ੍ਹਾਂ ਨਾਲੋਂ ਜ਼ਿਆਦਾ ਪੈਸੇ ਵਸੂਲਦੀਆਂ ਹਨ ਜੋ ਘੱਟ ਸੇਵਾਵਾਂ ਪ੍ਰਦਾਨ ਕਰਦੇ ਹਨ। ਕਿਉਂਕਿ ਇਹ ਕੈਂਪਸਾਇਟਾਂ ਆਰਵੀਜ਼ ਦੁਆਰਾ ਅਕਸਰ ਵਰਤੀਆਂ ਜਾਂਦੀਆਂ ਹਨ, ਸ਼ਾਇਦ ਉਹ ਟੈਂਟਾਂ ਲਈ ਆਦਰਸ਼ ਇਲਾਕੇ ਨਾ ਪ੍ਰਦਾਨ ਕਰ ਸਕਣ। ਜੇ ਤੁਸੀਂ ਟੈਂਟਾਂ ਲਈ ਯੋਜਨਾ ਬਣਾ ਰਹੇ ਹੋ ਤਾਂ ਬੁਕਿੰਗ ਕਰਨ ਤੋਂ ਪਹਿਲਾਂ ਪਾਰਕ ਨਾਲ ਜਾਂਚ ਕਰ ਲਉ।

### ਅਣਸਰਵਿਸਡ ਕੈਂਪਸਾਇਟਾਂ

ਅਣਸਰਵਿਸਡ ਕੈਂਪਸਾਇਟਾਂ ਟੈਂਟ ਕੈਂਪਿੰਗ ਲਈ ਵਧੀਆ ਹਨ ਕਿਉਂਕਿ ਉਨ੍ਹਾਂ ਵਿਚੋਂ ਬਹੁਤੀਆਂ ਨਜ਼ਦੀਕ ਹੀ ਟੈਂਟ ਪੈਡ ਅਤੇ ਸੁਵਿਧਾਵਾਂ ਪ੍ਰਦਾਨ ਕਰਦੀਆਂ ਹਨ ਜਿਵੇਂ ਕਿ ਫਲੱਸ਼ ਪਖਾਨੇ, ਸ਼ਾਵਰਸ ਅਤੇ ਪੀਣਯੋਗ ਪਾਣੀ। ਉਹ ਅਕਸਰ ਆਰਵੀਜ਼ ਅਤੇ ਟੈਂਟ ਦੇ ਟਰੇਲਰਾਂ ਲਈ ਖੁਲ੍ਹੇ ਹੁੰਦੇ ਹਨ ਜਿਨ੍ਹਾਂ ਨੂੰ ਹੁਕਅਪ ਦੀ ਲੋੜ ਨਹੀਂ ਹੁੰਦੀ ਕਿਉਂਕਿ “ਅਣਸਰਵਿਸਡ” ਕੈਂਪਸਾਇਟਾਂ ਬਿਜਲਈ, ਸੀਵਰੇਜ਼ ਅਤੇ ਪਾਣੀ ਦੇ ਹੁੱਕਅਪ ਨੂੰ ਸਿੱਧਾ ਸਾਇਟ ਤੇ ਪ੍ਰਦਾਨ ਨਹੀਂ ਕਰਦੀਆਂ।

### ਸਫਲ ਕੈਂਪਸਾਇਟਾਂ

ਸਫਲ ਕੈਂਪਸਾਇਟਾਂ ਨੂੰ ਡਰਾਇਵ-ਥਰੂ ਕੈਂਪਸਾਇਟਾਂ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਉਨ੍ਹਾਂ ਵਿਜ਼ਿਟਰਾਂ ਲਈ ਬਣਾਈਆਂ ਗਈਆਂ ਹਨ ਜੋ ਵੱਡੇ ਟਰੇਲਰਾਂ ਜਾਂ ਆਰਵੀਜ਼ੀ ਨੂੰ ਲਿਆਉਂਦੇ ਹਨ। ਉਨ੍ਹਾਂ ਦਾ ਪ੍ਰਵੇਸ਼ ਅਤੇ ਨਿਕਾਸ ਦਰਵਾਜ਼ਾ ਹੁੰਦਾ ਹੈ ਜੋ ਤੁਹਾਨੂੰ ਵਾਪਸ ਜਾਣ ਲਈ ਪਿੱਛੇ ਪੁੜਣ ਦੀ ਬਜਾਏ ਸਿੱਧਾ ਲੰਘਣ ਦੀ ਇਜਾਜ਼ਤ ਦਿੰਦਾ ਹੈ।

## ਵਾਕ-ਇਨ ਕੈਂਪਸਾਇਟਾਂ

ਵਾਕ-ਇਨ ਕੈਂਪਸਾਇਟਾਂ ਵਿੱਚ ਪੈਦਲ ਜਾਇਆ ਜਾਂਦਾ ਹੈ ਅਤੇ ਤੁਸੀਂ ਆਪਣੇ ਵਾਹਨ ਨੂੰ ਸਿੱਧਾ ਸਾਇਟ ਤੇ ਨਹੀਂ ਲਿਜਾ ਸਕਦੇ। ਇਨ੍ਹਾਂ ਵਿੱਚ ਆਮ ਤੌਰ ਤੇ ਇੱਕ ਪਾਰਕਿੰਗ ਖੇਤਰ ਹੁੰਦਾ ਹੈ ਜਿੱਥੇ ਤੁਸੀਂ ਅਣਪੈਕ ਕਰ ਸਕਦੇ ਹੋ ਅਤੇ ਆਪਣੇ ਰਹਿਣ ਦੌਰਾਨ ਆਪਣਾ ਵਾਹਨ ਛੱਡ ਸਕਦੇ ਹੋ। ਇਹ ਸਾਇਟਾਂ ਆਮ ਤੌਰ ਤੇ ਕੁਝ ਕੁ ਸੁਵਿਧਾਵਾਂ ਦੇ ਨਾਲ ਥੋੜ੍ਹੀਆਂ ਜਿਹੀਆਂ ਅਣਪੱਧਰੀਆਂ ਹੁੰਦੀਆਂ ਹਨ।

## ਗਰੁੱਪ ਕੈਂਪਸਾਇਟਾਂ

ਗਰੁੱਪ ਕੈਂਪਸਾਇਟਾਂ ਵੱਡੇ ਆਕਾਰ ਦੇ ਗਰੁੱਪਾਂ ਲਈ ਬਣਾਈਆਂ ਗਈਆਂ ਹਨ ਅਤੇ ਅਕਸਰ ਸੰਗਠਿਤ ਗਰੁੱਪ ਪਾਰਕ ਵਿੱਚ ਇਕੱਠੇ ਆਉਂਦੇ ਹਨ। ਗਰੁੱਪ ਕੈਂਪਗਰਾਉਂਡਾਂ ਤੇ ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ ਪਾਰਕ ਨਾਲ ਸਿੱਧੇ ਸੰਪਰਕ ਕਰੋ।

## ਬੈਕਕੰਟ੍ਰੀ ਕੈਂਪਿੰਗ

ਬੈਕਕੰਟ੍ਰੀ ਕੈਂਪਿੰਗ ਸਹੂਲਤਾਂ ਅਤੇ ਸੁਵਿਧਾਵਾਂ ਤੋਂ ਦੂਰ ਸੁੰਨਸਾਨ ਜੰਗਲਾਂ ਵਿੱਚ ਕੀਤੀ ਜਾਂਦੀ ਹੈ। ਜ਼ਿਆਦਾਤਰ ਸਮਾਂ, ਤੁਸੀਂ ਬੈਕਕੰਟ੍ਰੀ ਜਾਂ ਪੁਰਾਣੀਆਂ ਸਾਇਟਾਂ ਤੇ ਪਹੁੰਚਣ ਲਈ ਚੜ੍ਹਾਈ, ਸਕੀ, ਸਨੋਸ਼ੂ ਕਰਦੇ ਹੋ, ਅਤੇ ਬੇੜੀ ਜਾਂ ਡੋਂਗੀ ਚਲਾਉਂਦੇ ਹੋ। ਉਨ੍ਹਾਂ ਵਿੱਚ ਅਕਸਰ ਬਹੁਤ ਹੀ ਘੱਟ ਸਹੂਲਤਾਂ ਹੁੰਦੀਆਂ ਹਨ ਪਰ ਬਹੁਤ ਹੀ ਘੱਟ ਭੀੜ ਹੁੰਦੀ ਹੈ ਅਤੇ ਤੁਹਾਨੂੰ ਅਸਲੀਅਤ ਵਿੱਚ ਲੱਗਦਾ ਹੈ ਕਿ ਤੁਸੀਂ ਇਸ ਸੱਭ ਤੋਂ ਦੂਰ ਪਹੁੰਚ ਗਏ ਹੋ।